# ਲੋਕਤਾ

ਅਕਤੂਬਰ – 1987

**October - 1987**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਸੂਫੀ ਦੀ ਨਿੱਜੀ ਲਾਇਬ੍ਰੇਰੀ।

ਮਾਸਿਕ
# ਲੋਕਤਾ

Price 25¢ Out of Greater Vancouver 50¢

# The Lokta

Monthly Magazine

## ਲੋਕਤਾ ਬਾਹਰਵੇਂ ਸਾਲ ਵਿਚ ਦਾਖਲ

2nd class Mail Reg. No. 6794

ਅਕਤੂਬਰ 1987 | Vol. 12 No. 1 | October 1987

## ਰਾਜੀਵ ਗਾਂਧੀ ਅਸਤੀਫਾ ਦੇਵੇ : ਤਾਜਾ ਚੋਣਾਂ ਕਰਵਾਏ

ਲੋਕ ਸਭਾ ਵਿਚ ਕਾਂਗਰਸ(ਆਈ) ਦਾ ਭਾਰੀ ਬਹੁ-ਮੱਤ ਰਾਜੀਵ ਗਾਂਧੀ ਨੂੰ ਲੋਕਾਂ ਵਲੋਂ ਮਿਲੇ ਪਿਛਲੇ ਫਤਵੇ ਦਾ ਹੁਣ ਪਰਗਾਟਾਵਾ ਨਹੀਂ ਰਿਹਾ। ਲੋਕਾਂ ਵਿਚ ਫੈਲੀ ਬੇਚੈਨੀ, ਭਰਿਸ਼ਟਾਚਾਰ ਦੇ ਸਕੈਂ-ਡਲਾਂ ਵਿਰੁਧ ਲੋਕਾਂ ਵਲੋਂ ਚਲਾਏ ਜਾ ਰਹੇ ਜੋਰਦਾਰ ਸੰਘਰਸ਼ ਅਤੇ ਲੋਕਾਂ ਦਾ ਇਹ ਪੱਕਾ ਵਿਸ਼ਵਾਸ ਕਿ ਸਰਕਾਰ ਭਰਿਸ਼ਟ ਹੈ, ਲੋਕਾਂ ਦੇ ਮਨਾਂ 'ਚ ਰਾਜੀਵ ਪ੍ਰਤੀ ਪਹਿਲੇ ਵਿਸ਼ਵਾਸ ਦੇ ਖਤਮ ਹੋਣ ਦਾ ਪਰਗਟਾਵਾ ਹਨ। ਹਰਿਆਣਾ ਦੀਆਂ ਚੋਣਾਂ ਉਘੜਵੇਂ ਢੰਗ ਨਾਲ ਇਸ ਗਲ ਦੀ ਪੁਸ਼ਟੀ ਕਰਦੀਆਂ ਹਨ ਕਿ ਲੋਕਾਂ ਦੀ ਇਕ ਵਡੀ ਗਿਣਤੀ ਪਿਛਲੀਆਂ ਚੋਣਾਂ ਵਿਚ ਉਹਨਾਂ ਵਲੋਂ ਦਿਤੇ ਗਏ ਫਤਵੇ ਨੂੰ ਰਸਮੀ ਤੌਰ ਤੇ ਵਾਪਸ ਲੈਣ ਲਈ ਉਤ-ਸੁਕ ਹੈ। ਇਸ ਲਈ ਸੀ. ਪੀ. ਆਈ. (ਐਮ) ਦੀ ਕੇਂਦਰੀ ਕਮੇਟੀ ਰਾਜੀਵ ਗਾਂਧੀ ਸਰਕਾਰ ਦੇ ਅਸਤੀਫੇ ਦੀ ਅਤੇ ਇਕ ਨਵੀਂ ਸਰਕਾਰ ਚੁਣਨ ਲਈ ਭਾਰਤੀ ਲੋਕਾਂ ਨੂੰ ਤਾਜ਼ਾ ਅਪੀਲ ਦੀ ਮੰਗ ਕਰਦੀ ਹੈ।

ਕੇਂਦਰੀ ਕਮੇਟੀ ਇਸ ਵਿਚਾਰ ਦੀ ਹੈ ਕਿ ਸਿਰਫ ਇਕ ਅਜੇਹੀ ਸਰਕਾਰ ਹੀ ਜਿਹੜੀ ਧਰਮ ਨਿਰਲੇਪਤਾ ਵਾਲੀ ਦਿਖ ਰਖਦੀ ਹੈ, ਫਿਰਕਾਪ੍ਰਸਤੀ ਵਿਰੁਧ ਲੜਨ ਦੇ ਵਿਚਾਰ ਤੇ ਪਹਿਰਾ ਦਿੰਦੀ ਹੈ ਅਤੇ ਏਕਾਅਧਿਕਾਰਵਾਦ ਵਿਰੁਧ ਲੜਨ ਲਈ ਦ੍ਰਿੜ ਹੈ ਜੋ ਜਮਹੂਰੀਅੱਤ ਦੀ ਰਾਖੀ ਕਰੇ ਅਤੇ ਸਭ ਤਰਾਂ ਦੇ ਭਰਿਸ਼ਟਾਚਾਰ ਨੂੰ ਖਤਮ ਕਰੇ, ਸਰਕਾਰ ਜਿਹੜੀ ਯੋਗ ਕੇਂਦਰ ਰਾਜ ਸਬੰਧਾਂ ਲਈ ਖਲੋਂਦੀ ਹੈ, ਗੁਟ ਨਿਰਲੇਪਤਾ ਦੀ ਨੀਤੀ ਅਤੇ ਸੰਸਾਰ ਅਮਨ ਦੀ ਰਾਖੀ ਲਈ ਖਲੋਂਦੀ ਹੈ, ਜਿਹੜੀ ਅਸਥਿਰਤਾ ਦੀਆਂ ਸਾਮਰਾਜੀ ਤਾਕਤਾਂ ਵਿਰੁਧ ਰਾਸ਼ਟਰੀ ਏਕਤਾ ਦੀ ਰਾਖੀ ਕਰਦੀ ਹੈ ਅਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਜਿਣਸਾਂ ਦੇ ਲਾਹੇਵੰਦ ਭਾਅ ਦੇਣ ਨੂੰ ਯਕੀਨੀ ਬਣਾਉਣ ਲਈ ਸਹਿਮਤੀ ਹੁੰਦੀ ਹੈ, ਦਿਨੋ ਦਿਨ ਅਸਮਾਨ ਨੂੰ ਛੂਹ ਰਹੀਆਂ ਕੀਮਤਾਂ, ਬੇਰੁਜ਼ਗਾਰੀ ਅਤੇ ਨਾਕਾਫੀ ਉਜਰਤਾਂਤੋਂ ਲੋਕਾਂਨੂੰ ਛੋਟੀਰਾਹਿਤ ਦੇਣ ਲਈ ਤਿਆਰ ਹੈ, ਲੋਕਾਂ ਨੂੰ ਉਹਨਾਂ ਦੀਆਂ ਲੋੜਾਂ ਦੀ ਪੂਰਤੀ ਲਈ ਸਵੀਕਾਰ ਹੋਵੇਗੀ।

ਸੀ. ਪੀ. ਆਈ (ਐਮ) ਦੀ ਕੇਂਦਰੀ ਕਮੇਟੀ ਸਾਰੀਆਂ ਖੱਬੀਆਂ ਅਤੇ ਜਮਹੂਰੀ ਪਾਰਟੀਆਂ ਨੂੰ ਸੱਦਾ ਦਿੰਦੀ ਹੈਕਿ ਉਹ ਰਾਜੀਵ ਸਰਕਾਰ ਦੇ ਅਸਤੀਫੇ ਅਤੇ ਨਵੀਆਂ ਚੋਣਾਂ ਕਰਵਾਉਣ ਦੀ ਮੰਗ ਨੂੰ ਲੈ ਕੇ ਅੰਦੋਲਨ ਆਯੋਜਤ ਕਰਨ। ਸਪ-ਸ਼ਟ ਰੂਪ ਵਿਚ ਇਹ ਸੰਘਰਸ਼ ਕੋਈ ਆਸਾਨ ਨਹੀਂ ਹੈ ਕਿਉਂਕਿ ਰਾਜੀਵ ਹਕੂ-ਮਤ ਅਧੀਨ ਵਧ ਫੁਲ ਰਹੇ ਵੱਖਵਾਦੀ ਰੁਝਾਨ ਕਾਂਗਰਸ (ਆਈ) ਵਿਰੁੱਧ ਲੋਕਾਂ ਦੀ ਏਕਤਾ ਨੂੰ ਭੰਗ ਕਰਨ ਦੇ ਯੋਗ ਹਨ। ਪਰ ਮਹਾਨ ਜਨਤਕ ਸੰਘਰਸ਼ ਜਿਹੜੇ ਉਠ ਰਹੇ ਹਨ, ਜੇ ਉਹਨਾਂ ਨੂੰ ਯੋਗ ਢੰਗ ਨਾਲ ਧਾਰਾਬੱਧ ਕੀਤਾ ਜਾਂਦਾ ਹੈ ਤਾਂ ਉਹ ਵੰਡ-ਵਾਦੀ ਰੁਝਾਨਾਂ ਨੂੰ ਹਾਰ ਦੇਣ ਅਤੇ ਲੋਕਾਂ ਦੀ ਏਕਤਾ ਉਸਾਰਨ ਦੇ ਯੋਗ ਹੋ ਸਕਦੇ ਹਨ।

(ਸੀ. ਪੀ. ਆਈ. (ਐਮ) ਦੀ ਕੇਂਦਰੀ ਕਮੇਟੀ ਦੇ ਮਤੇ ਵਿਚੋਂ)

(1976 ਤੋਂ ਛਪਦਾ ਆ ਰਿਹਾ ਪੰਜਾਬੀ ਦਾ ਸਾਹਿਤਕ ਅਤੇ ਆਮ ਜਾਣਕਾਰੀ ਦੇਣ ਵਾਲਾ ਮਾਸਕ ਪੱਤਰ)

**LOKTA BOARD**

**MANAGER**
Harkewal S. Dhaliwal 588-4279

**PUBLISHER**
Piara Singh Basi
588-7573

**EDITORIAL BOARD**
'Soofi' Amarjit 581-7811
Surinder S. Sangha 588-5217
Mohinder S. Soomel 327-6461
Gurnam Singh Sanghera 325-1662

**CIRCULATION**
Jaspal S. Sandhu 596-6984

**ADVERTISEMENT**
Amarjit Chatha 325-8006

The
# Lokta
P.O.BOX 67534 STN. 'O'
VANCOUVER, B.C. V5W 3T9

Monthly Magazine — 2nd class Mail Reg. No. 6794

**Vol. 12 No. 1 ਅਕਤੂਬਰ / October 1987**

ਡਾਕ ਰਾਹੀਂ : ਸਾਲਾਨਾ ਚੰਦਾ 10 ਡਾਲਰ
ਮੁੱਲ - 25 ਸੈਂਟ

**LOKTA REPRESENTATIVE**
Ranjit S. Sandhu Williams Lake (392-7405)
Surinder S. Johal Edmonton (461-6073)
Nirmal S. Dhindsa Brampton (453-8149)
Lehamber S. Pooni Toronto (671-2296)
Rajinder S. Dhaliwal Winnipeg (633-5229)
Hardev S. Rai Calgary (293-3467)
Hakam S. Hans Prince Rupert (624-3284)
Surjit S. Bopanrai Quesnel (992-3849)

# ਕੀ ਕਿੱਥੇ ਹੈ ?

- ਸੰਪਾਦਕੀ — 3
- ਜੇਲ੍ਹ ਭਰੋ ਅੰਦੋਲਨ, ਇਕ ਰੀਪੋਰਟ — 6
- ਸਮਕਾਲੀ ਟਿਪਣੀਆਂ — 9
- ਦੱਖਣੀ ਅਫਰੀਕਾ - 10
- ਅਫਗਾਨਸਤਾਨ — 11
- ਮਜ਼ਦੂਰ ਜਮਾਤ ਦਾ ਚੰਗਾ ਯਤਨ — 12
- ਸ਼੍ਰੋਮਣੀ ਕਮੇਟੀ ਜਾਗੀ — 13
- ਇਰਾਨ ਇਰਾਕ ਜੰਗ — 15
- ਕਵਿਤਾਵਾਂ — 14, 15, 16
- ਕਹਾਣੀ — 18
- ਰਾਜੀਵ ਵਿਰੁਧ ਅਸਤੀਫੇ ਦੀ ਮੁਹਿਮ — 21
- ਪ੍ਰਧਾਨ ਮੰਤਰੀ ਜੀ ! ਨਵਾਂ ਫਤਵਾ ਲਵੋ — 23
- "ਕੈਨੇਡਾ ਨੂੰ ਚਿੱਟਾ ਰੱਖੋ" — 25
- ਲੋਕਾਂ ਨੂੰ ਪਾੜਨ ਵਾਲਾ ਇਕੱਠ — 27

## ਵਿਸ਼ੇਸ਼ ਲੇਖ

- ਪ੍ਰਧਾਨ ਮੰਤਰੀ ਜੀ ! ਨਵਾਂ ਫਤਵਾ ਲਵੋ, ਕੈਨੇਡਾ ਨੂੰ ਚਿੱਟਾ ਰੱਖੋ ਅਤੇ ਲੋਕਾਂ ਨੂੰ ਪਾੜਨ ਵਾਲਾ ਇਕੱਠ

ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।

ਸੰਪਾਦਕੀ

# ਪੰਜਾਬ ਸਮੱਸਿਆ ਦਾ ਸਿਆਸੀ ਹਲ ਕੀਤਾ ਜਾਵੇ

ਪੰਜਾਬ ਦੀ ਸਥਿਤੀ ਕਾਫੀ ਚਿੰਤਾਜਨਕ ਹੈ। ਜਿਸ ਤਰ੍ਹਾਂ ਭਾਰਤ ਦੀ ਕੇਂਦਰੀ ਸਰਕਾਰ ਨੇ ਆਪਣੇ ਤੰਗ ਸਿਆਸੀ ਹਿੱਤਾਂ ਦੀ ਖਾਤਰ ਪੰਜਾਬ ਦੀ ਤਾਣੀ ਉਲਝਾਈ ਹੈ ਅਤੇ ਸਮੇਂ ਸਮੇਂ ਸਮਝੌਤਾ ਕਰਕੇ ਮੁਕਰ ਜਾਣਾ ਜਾਂ ਲਾਗੂ ਨਾ ਕਰਨਾ ਅਤੇ ਹਮੇਸ਼ਾਂ ਹੀ ਪ੍ਰਬੰਧਕੀ ਕਦਮਾਂ ਤੇ ਟੇਕ ਰਖਣੀ ਨਾਲ ਸਥਿਤੀ ਲਗਾਤਾਰ ਵਿਗੜਦੀ ਗਈ। ਕੇਂਦਰੀ ਸਰਕਾਰ ਲੇ ਬਰਨਾਲਾ ਸਰਕਾਰ ਨੂੰ ਜੋ ਅਤਿਵਾਦੀਆਂ ਦੇ ਵਿਰੁਧ ਸਟੈਂਡ ਲੈ ਰਹੀ ਸੀ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਦੇਸ਼ ਵਿਰੋਧੀ ਅਨਸਰਾਂ ਦਾ ਟਾਕਰਾ ਕਰ ਰਹੀ ਸੀ, ਨੂੰ ਹਰਿਆਣੇ ਦੀਆਂ ਚੋਣਾਂ ਜਿੱਤਣ ਦੇ ਮਨੋਰਥ ਨੂੰ ਅਗੇ ਰਖ ਕੇ ਤੋੜ ਦਿਤਾ ਅਤੇ ਗਵਰਨਰੀ ਰਾਜ ਲਾਗੂ ਕਰ ਦਿਤਾ ਅਤੇ ਜੋ ਸਰਵ ਪਾਰਟੀ ਮੁਹਿਮ ਵਲੋਂ ਵਧੀਆ ਰੈਲੀਆਂ ਕਰਕੇ ਪੰਜਾਬੀ ਲੋਕਾਂ ਨੂੰ ਅਤਿਵਾਦੀਆਂ ਅਤੇ ਵੱਖਵਾਦੀਆਂ ਦੇ ਵਿਰੁਧ ਲਾਮਬੰਦ ਕੀਤਾ ਸੀ ਉਸ ਰੁਝਾਨ ਨੂੰ ਅਗੇ ਵਧਣ ਤੋਂ ਰੋਕ ਦਿੱਤਾ। ਚਾਹੀਦਾ ਤਾਂ ਇਹ ਸੀ ਕਿ ਪੰਜਾਬ ਸਮੱਸਿਆ ਦਾ ਸਿਆਸੀ ਹੱਲ ਕਰਕੇ ਬਰਨਾਲਾ ਸਰਕਾਰ ਨੂੰ ਮਜ਼ਬੂਤ ਕੀਤਾ ਜਾਂਦਾ। ਬਰਨਾਲਾ ਸਰਕਾਰ ਦੇ ਟੁਟਣ ਤੋਂ ਬਾਅਦ ਪੰਜਾਬੀ ਲੋਕਾਂ ਵਿਚ ਕੇਂਦਰੀ ਸਰਕਾਰ ਵਿਰੁਧ ਹੋਰ ਬੇਭਰੋਸਗੀ ਵਧੀ ਜਿਸਦਾ ਲਾਭ ਅਤਿਵਾਦੀਆਂ ਨੂੰ ਹੀ ਹੋਇਆ।

ਕੇਂਦਰੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਤਾਨਾਸ਼ਾਹੀ ਪਾਲਿਸੀਆਂ ਨੇ ਪਹਿਲਾਂ ਤੋਂ ਹੀ ਹਰ ਕਿਸਮ ਦੀਆਂ ਵੰਡਵਾਦੀ ਤੇ ਮੂਲਵਾਦੀ ਤਾਕਤਾਂ ਨੂੰ ਜ਼ਰਖੇਜ ਅਧਾਰ ਮੁਹੱਈਆ ਕੀਤਾ ਹੈ ਅਤੇ ਦੇਸ਼ ਵਿਰੋਧੀ ਤਾਕਤਾਂ ਲੋਕਾਂ ਦੇ ਅਸੰਤੋਸ਼ ਨੂੰ ਫਿਰਕੂ, ਜਾਤੀਵਾਦ, ਇਲਾਕਾਈ ਅਤੇ ਮੂਲਵਾਦ ਦੀ ਰਾਹਾਂ ਦੀ ਲਾਈਨ ਤੇ ਬਦਲ ਰਹੇ ਹਨ। ਇਹਨਾਂ ਤਾਕਤਾਂ ਨੂੰ ਸਾਮਰਾਜੀਏ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਤੋੜਨ ਅਤੇ ਅਸਥਿਰ ਕਰਨ ਲਈ ਵਰਤ ਰਹੇ ਹਨ। ਇਹਨਾਂ ਵਖਵਾਦੀ ਤੇ ਵੰਡਵਾਦੀ ਤਾਕਤਾਂ ਨੂੰ ਕਾਂਗਰਸ ਭੀ ਆਪਣੀਆਂ ਦਿਵਾਲੀਆ ਤੇ ਸਿਆਸੀ ਲਾਭ ਪ੍ਰਾਪਤ ਕਰਨ ਵਾਲੀਆਂ ਪਾਲਿਸੀਆਂ ਦੀ ਪੂਰਤੀ ਲਈ ਵਰਤਦੀ ਹੈ। ਇਹ ਅਨਸਰ ਲੋਕਾਂ ਵਿਚ ਸਾਂਝੇ ਮਸਲਿਆਂ ਲਈ ਪੈਦਾ ਹੋ ਰਹੀ ਏਕਤਾ ਵਿਚ ਫੁਟ ਪਾਉਂਦੇ ਹਨ ਉਥੇ ਹੀ ਭ੍ਰਿਸ਼ਟ ਕਾਂਗਰਸੀ ਰਾਜ ਦੀ ਭੀ ਮੱਦਦ ਕਰਦੇ ਹਨ।

ਪੰਜਾਬ ਸਮੱਸਿਆ ਇਕੱਲੀ ਪ੍ਰਬੰਧਕੀ ਸਮਸਿਆ ਨਹੀਂ ਇਹ ਸਿਆਸੀ ਹਲ ਦੀ ਮੰਗ ਕਰਦੀ ਹੈ। ਇਹ ਅਤਿਵਾਦੀਆਂ ਤੇ ਵਖਵਾਦੀਆਂ ਦੀਆਂ ਚਾਲਾਂ ਨੂੰ ਫੇਹਲ ਕਰਨ ਅਤੇ ਵਿਗੜੀ ਹੋਈ ਸਥਿਤੀ ਨੂੰ ਆਮ ਵਰਗੀ ਕਰਨ ਲਈ ਸਾਰੀਆਂ ਲੋਕ ਤੰਤਰੀ, ਦੇਸ਼ ਭਗਤਕ ਤੇ ਧਰਮ ਨਿਰਲੇਪ ਸ਼ਕਤੀਆਂ ਵਲੋਂ ਸਾਂਝੀ ਮੁਹਿਮ ਚਲਾਉਣ ਦੀ ਮੰਗ ਕਰਦੀ ਹੈ। ਅਜਿਹੀ ਮੁਹਿਮ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ 15 ਤੋਂ 21 ਅਗਸਤ ਤੱਕ ਪੰਜਾਬ ਦੇ 2800 ਪਿੰਡਾਂ ਅਤੇ ਮੁਖ ਸ਼ਹਿਰਾਂ ਤੇ ਕਸਬਿਆਂ ਤਕ ਚਲਾਈ। ਸ਼ਹਿਰਾਂ ਤੇ ਕਸਬਿਆਂ ਵਿਚ ਅਮਨ ਮਾਰਚ ਕੀਤੇ ਗਏ (ਜਿਸਦੀ ਰਿਪੋਰਟ ਸਤੰਬਰ ਦੇ ਲੋਕਤਾ ਵਿਚ ਦਿਤੀ ਜਾ ਚੁਕੀ ਹੈ) ਲੋਕਾਂ ਨੇ ਇਸ ਜਨਤਕ ਮੁਹਿਮ ਦਾ ਭਰਵਾਂ ਹੁੰਗਾਰਾ ਭਰਿਆ ਅਤੇ ਸੀ ਪੀ ਐਮ ਦੇ ਪੰਜਾਬ ਸਮੱਸਿਆ ਅਤੇ ਇਸਦੇ ਹਲ ਦੇ ਸਟੈਂਡ ਦੀ ਸ਼ਲਾਘਾ ਕੀਤੀ। ਇਸੇ ਹੀ ਤਰਾਂ ਸੀ ਪੀ ਆਈ ਆਪਣੇ ਤੌਰ ਤੇ ਭੀ ਮੁਹਿਮ ਚਲਾ ਰਹੀ ਹੈ। ਕੁਲ ਹਿੰਦ ਕਿਸਾਨ ਸਭਾ ਅਤੇ ਕੁਲ ਹਿੰਦ ਖੇਤ-ਮਜ਼ਦੂਰ ਸਭਾ ਵਲੋਂ ਜੋ ਕਿਸਾਨੀ ਅਤੇ ਮਜ਼ਦੂਰਾਂ ਦੀਆਂ ਭਖਵੀਆਂ ਮੰਗਾਂ ਹਨ ਲਈ 7 ਸਤੰਬਰ ਤੋਂ ਇਕ ਹਫਤੇ ਦਾ ਕੁਲ ਹਿੰਦ ਪੱਧਰ ਤੇ ਅੰਦੋਲਨ ਕੀਤਾ ਗਿਆ ਉਸ ਵਿਚ ਪੰਜਾਬ ਤੋਂ 36 ਹਜ਼ਾਰ ਕਿਸਾਨਾਂ ਮਜ਼ਦੂਰਾਂ ਨੇ ਗ੍ਰਿਫਤਾਰੀ ਦਿਤੀ। ਇਹਨਾਂ ਜਨਤਕ ਐਕਸ਼ਨਾਂ ਤੋਂ ਇਹ ਸਿਟਾ ਕੱਢਿਆ ਜਾ ਸਕਦਾ ਹੈ ਕਿ ਇਸੇ ਹੀ ਅਧਾਰ ਤੇ ਸਾਰੀਆਂ ਪਾਰਟੀਆਂ ਮਿਲ ਕੇ ਵਖਵਾਦੀਆਂ ਦੇ ਵਿਰੁਧ ਪੰਜਾਬੀ ਲੋਕਾਂ ਨੂੰ ਲਾਮਬੰਦ ਕਰ ਸਕਦੇ ਹਨ ਜੇਕਰ ਕੇਂਦਰ ਪੰਜਾਬ ਸਮੱਸਿਆ ਦਾ ਸਿਆਸੀ ਹਲ ਕਰ ਦੇਵੇ।

ਪਿਛਲੇ ਦਿਨੀਂ ਪੰਜਾਬ ਦੀਆਂ ਤਿੰਨ ਸਿਆਸੀ ਪਾਰਟੀਆਂ ਸੀ ਪੀ ਐਮ. ਸੀ ਪੀ ਆਈ ਅਤੇ ਅਕਾਲੀ ਦਲ ਨੇ ਪੰਜਾਬ ਸਮੱਸਿਆ ਦੇ ਹਲ ਵਾਸਤੇ ਸਾਂਝੀ ਮੁਹਿਮ ਚਲਾਉਣ ਦਾ ਫੈਸਲਾ ਕੀਤਾ ਹੈ। ਪ੍ਰੰਤੂ ਅਜਿਹੀਆਂ ਮੁਹਿਮਾਂ ਤਦ ਹੀ ਕਾਮਯਾਬ ਹੋ ਸਕਦੀਆਂ ਜੇਕਰ ਹੇਠ ਲਿਖੇ ਕਦਮ ਚੁਕੇ ਜਾਣ :—

1. ● ਕੇਂਦਰੀ ਸਰਕਾਰ ਪੰਜਾਬ ਸਮੱਸਿਆ ਦਾ ਸਿਆਸੀ ਹਲ ਰਾਜੀਵ-ਲੌਂਗੋਵਾਲ ਸਮਝੌਤੇ ਦੇ ਅਧਾਰ ਤੇ ਤੁਰੰਤ ਕਰੇ
   - ਜੋਧਪੁਰ ਦੇ ਨਿਰਦੋਸ਼ ਨਜ਼ਰਬੰਦਾਂ ਨੂੰ ਰਿਹਾਅ ਕੀਤਾ ਜਾਵੇ
   - ਨਵੰਬਰ 1984 ਦੇ ਦਿੱਲੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ।
2. ਪੰਜਾਬ ਵਿਚ ਖਾਲਿਸਤਾਨੀ ਦਹਿਸ਼ਤਗਰਦਾਂ, ਸਾਮਰਾਜੀ ਚਾਲਾਂ ਅਤੇ ਹਰ ਪ੍ਰਕਾਰ ਦੇ ਫਿਰਕਾਪ੍ਰਸਤਾਂ ਵਿਰੁਧ ਪੰਜਾਬੀ ਲੋਕਾਂ ਨੂੰ ਲਾਮੱਬਦ ਕਰਨ ਵਾਸਤੇ ਲੋਕਤੰਤਰੀ, ਦੇਸ਼ ਭਗਤਕ ਅਤੇ ਧਰਮ ਨਿਰਲੇਪ ਸ਼ਕਤੀਆਂ ਦੀ ਲਹਿਰ ਉਸਾਰੀ ਜਾਵੇ।
3. ਖਾਲਿਸਤਾਨੀ ਅਤਿਵਾਦੀਆਂ ਵਿਰੁਧ ਸਖਤ ਅਤੇ ਅਸਰਦਾਇਕ ਕਦਮ ਚੁਕੇ ਜਾਣ।

ਲਟਕਾਅ ਦੀ ਪਾਲਿਸੀ ਅਗੇ ਹੀ ਕਾਫੀ ਨੁਕਸਾਨ ਕਰ ਚੁਕੀ ਹੈ। ਇਹ ਸਿਰਫ ਅਸੀਂ ਹੀ ਨਹੀਂ ਆਖ ਰਹੇ ਸਗੋਂ ਉਹ ਸਭ ਲੋਕ ਭਾਵੇਂ ਉਹ ਭਾਰਤ ਵਿਚ ਜਾਂ ਬਿਦੇਸ਼ਾਂ ਵਿਚ ਰਹਿੰਦੇ ਹਨ ਜਿਹੜੇ ਕਿ ਭਾਰਤ ਦੀ ਏਕਤਾ, ਅਖੰਡਤਾ ਅਤੇ ਪੰਜਾਬੀ ਲੋਕਾਂ ਦੀ ਏਕਤਾ ਦੇ ਮੁਦੱਈ ਹਨ ਅਤੇ ਜੋ ਸਾਮਰਾਜੀਆਂ ਦੇ ਭਾਰਤ ਨੂੰ ਵੰਡਣ, ਅਸਥਿਰ ਕਰਨ ਦੇ ਯਤਨਾਂ ਨੂੰ ਅਸਫਲ ਕਰਨਾ ਚਾਹੁੰਦੇ ਹਨ।

ਜਿਸ ਤਰ੍ਹਾਂ ਪੰਜਾਬ ਵਿਚ ਲੋਕਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਤੇ ਸਾਂਝੀ ਲਹਿਰ ਉਸਾਰਨ ਵਾਸਤੇ ਇਹ ਵੱਖਵਾਦੀ ਅਨਸਰ ਫੁਟ ਪੈਦਾ ਕਰ ਰਹੇ ਹਨ ਉਸੇ ਹੀ ਤਰ੍ਹਾਂ ਬਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ ਜੋ ਇਥੇ ਸਮੱਸਿਆਵਾਂ ਪੇਸ਼ ਆ ਰਹੀਆਂ ਹਨ ਦਾ ਮੁਕਾਬਲਾ ਕਰਨ ਲਈ ਭਾਰਤੀ ਕਮਿਊਨਿਟੀ ਵਿਚ ਜੋ ਵੱਖਵਾਦੀਆਂ ਵਲੋਂ ਫੁਟ ਪਾਈ ਹੈ, ਸਾਂਝਾ ਏਕਾ ਨਹੀਂ ਉਸਾਰਿਆ ਜਾ ਸਕਿਆ। ਜਿਸਦਾ ਨੁਕਸਾਨ ਸਾਰੀ ਕਮਿਊਨਿਟੀ ਉਠਾ ਰਹੀ ਹੈ।

# ਸੀ. ਐਸ. ਆਈ. ਐਸ. ਦੀ ਪਰਖ ਘੜੀ

ਕੈਨੇਡਾ ਦੀ ਸੂਹੀਆ ਏਜੰਸੀ ਕੈਨੇਡੀਅਨ ਸਕਿਊਰਿਟੀ ਇੰਟੈਲੀਜੈਂਸ ਸਰਵਿਸ (ਸੀ. ਐਸ. ਆਈ. ਐਸ.) ਦੇ ਪਿਛਲੇ ਪੰਜ ਸਾਲਾਂ ਦੇ ਇਤਿਹਾਸ ਵਿਚ ਇਹ ਪਹਿਲੀ ਬਾਰ ਨਹੀਂ ਕਿ ਇਸ ਦੇ ਕੰਮ ਉਪਰ ਕਿੰਤੂ ਕੀਤਾ ਗਿਆ। ਇਹ ਹਰ ਪਰਖ ਦੀ ਘੜੀ ਵਿਚ ਵੀ ਪੂਰੀ ਨਹੀਂ ਉਤਰੀ।

ਜਦੋਂ ਇਹ ਏਜੰਸੀ ਬਣਾਈ ਗਈ ਸੀ ਤਾਂ ਕੈਨੇਡਾ ਦੇ ਜਮਹੂਰੀਅਤ ਪਸੰਦ ਲੋਕਾਂ ਨੇ, ਟਰੇਡ ਯੂਨੀਅਨਾਂ ਅਤੇ ਏਥੋਂ ਦੀ ਕਮਿਊਨਿਸਟ ਪਾਰਟੀ ਨੇ ਇਸ ਦਾ ਇਸ ਪੱਖੋਂ ਵਿਰੋਧ ਕੀਤਾ ਸੀ ਕਿ ਇਸ ਨੂੰ ਜੋ ਅਧਿਕਾਰ ਪ੍ਰਾਪਤ ਹਨ ਉਹ ਇਸ ਨੂੰ ਇਕ ਅਜਿਹੀ ਸੰਸਥਾ ਬਣਾ ਦੇਣਗੇ ਜੋ ਲੋਕਾਂ ਦੇ ਨਿੱਜੀ ਜੀਵਨ ਦੇ ਵਿਚ ਦਖਲ ਅੰਦਾਜ਼ੀ ਕਰਕੇ ਮਨਮਾਨੀਆਂ ਕਰ ਸਕਦੀ ਹੈ। ਲੋਕਾਂ ਦੀ ਆਜ਼ਾਦੀ ਅਤੇ ਅਧਿਕਾਰਾਂ ਨੂੰ ਲਿਤਾੜਿਆ ਜਾ ਸਕੇਗਾ। ਪਰ ਸਰਕਾਰ ਨੇ ਉਸ ਸਮੇਂ ਇਨ੍ਹਾਂ ਬੁਨਿਆਦੀ ਨੁਕਤਿਆਂ ਨੂੰ ਅਣਗੌਲਿਆਂ ਕਰਦਿਆਂ ਬਹੁਸੰਮਤੀ ਦੇ ਜ਼ੋਰ ਬਿਲ-ਸੀ 57 ਪਾਸ ਕਰ ਦਿਤਾ ਅਤੇ ਇਸ ਸੂਹੀਆ ਏਜੰਸੀ ਦੀ ਹੋਂਦ ਕਾਇਮ ਕਰ ਦਿੱਤੀ

ਬਾਕੀ ਬਹਿਸ ਨੂੰ ਪਾਸੇ ਛੱਡਦਿਆਂ ਅਸੀਂ ਦੇਖਦੇ ਹਾਂ ਕਿ ਕੈਨੇਡਾ ਵਿਚ ਆਏ ਪੰਜਾਬ ਦੇ ਮੰਤਰੀ ਮਲਕੀਤ ਸਿੰਘ ਸਿੱਧੂ ਦੇ ਸਾਜ਼ਸ਼ ਕਤਲ ਕੇਸ ਦੇ ਅਦਾਲਤ ਵਿਚ ਅਸਫਲ ਹੋ ਜਾਣ ਉਪਰ ਸੀ. ਐਸ. ਆਈ. ਐਸ. ਕੈਨੇਡਾ ਦੀਆਂ ਵਿਰੋਧੀ ਪਾਰਟੀਆਂ ਅਤੇ ਆਮ ਲੋਕਾਂ ਦੀ ਕਰੜੀ ਨੁਕਤਾਚੀਨੀ ਦਾ

ਕੇਂਦਰ ਬਣੀ ਹੈ। ਕਾਨੂੰਨ ਮੰਤਰੀ ਦੇ ਅਸਤੀਫੇ ਦੀ ਮੰਗ ਕੀਤੀ ਗਈ ਹੈ। ਪਹਿਲੇ ਕਾਨੂੰਨ ਮੰਤਰੀ ਨੂੰ ਵੀ ਮੰਤਰੀ ਮੰਡਲ ਤੋਂ ਹਟਾ ਦੇਣ ਬਾਰੇ ਵੀ ਨਾਲ ਹੀ ਮੰਗ ਕੀਤੀ ਗਈ। ਕੈਨੇਡਾ ਭਰ ਦੇ ਅਖਬਾਰਾਂ ਨੇ ਅਨੇਕਾਂ ਐਡੀਟੋਰੀਅਲ ਲਿਖੇ ਹਨ, ਟੈਲੀਵੀਯਨ ਅਤੇ ਰੇਡੀਓ ਪਰੋਗਰਾਮਾਂ ਵਿਚ ਇਸ ਉਪਰ ਭਰਵੀਂ ਬਹਿਸ ਚੱਲ ਰਹੀ ਹੈ।

ਮੁਖ ਨੁਕਤਾ ਇਹ ਹੈ ਕਿ ਸੀ. ਐਸ. ਆਈ. ਐਸ. ਨੂੰ ਇਸ ਗੱਲ ਦਾ ਅਗਾਊਂ ਪਤਾ ਸੀ ਕਿ ਸ੍ਰੀ ਮਲਕੀਤ ਸਿੰਘ ਸਿੱਧੂ ਉਪਰ ਹਮਲਾ ਕੀਤਾ ਜਾਣਾ ਹੈ। ਜੇਕਰ ਇਹ ਏਜੰਸੀ ਆਪਣੀ ਇਹ ਜਾਣਕਾਰੀ ਆਰ. ਸੀ. ਐਮ. ਪੀ. (ਪੁਲੀਸ) ਨੂੰ ਦੇ ਦਿੰਦੀ ਤਾਂ ਸ੍ਰੀ ਮਲਕੀਤ ਸਿੰਘ ਹਮਲੇ ਤੋਂ ਬਚ ਜਾਂਦੇ।

ਹੁਣ ਸਵਾਲ ਇਹ ਨਹੀਂ ਕਿ ਸੂੰਹੀਆ ਏਜੰਸੀ ਨੇ ਇਹ ਸੂਚਨਾ ਆਰ. ਸੀ. ਐਮ. ਪੀ. ਨੂੰ ਨਾ ਦੇ ਕੇ ਗਲਤੀ ਕੀਤੀ ਹੈ। ਸਗੋਂ ਸਵਾਲ ਇਹ ਉਠਾਇਆ ਜਾਣਾ ਬਣਦਾ ਹੈ ਕਿ **ਸੂੰਹੀਆ ਏਜੰਸੀ ਨੇ ਇਹ ਸੂਚਨਾ ਆਰ. ਸੀ. ਐਮ. ਪੀ. ਨੂੰ ਕਿਉਂ ਨਹੀਂ ਦਿੱਤੀ**? ਕੀ ਉਹ ਮੰਤਰੀ ਉਪਰ ਹਮਲਾ ਕਰਵਾਉਣਾ ਚਾਹੁੰਦੀ ਸੀ? ਕੀ ਉਹ ਇਹ ਹਮਲਾ ਕਰਵਾ ਕੇ ਵੱਖਵਾਦੀ-ਖਾਲਿਸਤਾਨੀ ਪਰਚਾਰ ਨੂੰ ਹੋਰ ਉਛਾਲਣ ਲਈ ਵਰਤਣਾ ਚਾਹੁੰਦੀ ਸੀ? ਕੀ ਇਸ ਕੈਨੇਡੀਅਨ ਏਜੰਸੀ ਉਪਰ ਅਮਰੀਕਨ ਸੀ. ਆਈ. ਏ. ਦਾ ਪ੍ਰਭਾਵ ਜਾਂ ਉਸ ਦੇ ਨਾਲ ਮਿਲਵਰਤਨ ਤਾਂ ਨਹੀਂ ਹੈ? ਕਿਉਂਕਿ ਭਾਰਤ ਸਰਕਾਰ ਬਿਨਾਂ ਨਾਂ ਲਏ ਤੋਂ ਖਾਲਿਸਤਾਨੀ ਵਖਵਾਦੀ ਲਹਿਰ ਪਿਛੇ ਬਦੇਸ਼ੀ ਹੱਥ ਦੀ ਗੱਲ ਕਰ ਰਹੀ ਹੈ ਅਤੇ ਸੀ ਪੀ ਆਈ (ਮ), ਸੀ. ਪੀ. ਆਈ ਅਤੇ ਹੋਰ ਰਾਜਨੀਤਕ ਪਾਰਟੀਆਂ ਇਸ ਲਈ ਖੁੱਲੇ ਤੌਰ ਉਪਰ ਅਮਰੀਕਨ ਸਾਮਰਾਜ ਅਤੇ ਪਾਕਿਸਤਾਨ ਨੂੰ ਦੋਸ਼ੀ ਠਹਿਰਾਉਂਦੇ ਹਨ, ਜੋ ਇਨ੍ਹਾਂ ਵੱਖਵਾਦੀ ਲਹਿਰਾਂ ਨੂੰ ਭਾਰਤ ਦੇ ਟੁਕੜੇ ਕਰਨ ਲਈ ਵਰਤ ਰਹੀਆਂ ਹਨ ਅਤੇ ਦੇਸ਼ ਵਿਚ ਅਸਥਿਰਤਾ ਪੈਦਾ ਕਰ ਰਹੇ ਹਨ। ਇਸ ਪ੍ਰਕਰਣ ਵਿਚ ਅਮਰੀਕਨ ਅਤੇ ਕੈਨੇਡੀਅਨ ਖੁਫੀਆ ਏਜੰਸੀਆਂ ਦੀ ਮਿਲਵਰਤਨ ਅਤੇ ਕੈਨੇਡੀਅਨ ਏਜੰਸੀ ਵਲੋਂ ਪੁਲੀਸ ਨੂੰ ਸੂਚਨਾ ਨਾ ਦੇਣਾ ਸਮਝ ਵਿਚ ਆਉਣ ਵਾਲੀ ਗੱਲ ਹੈ।

ਇਹ ਸਤਰਾਂ ਲਿਖਣ ਸਮੇਂ ਇਹ ਹੈਰਾਨਕੁੰਨ ਜਾਣਕਾਰੀ ਵੀ ਸਾਹਮਣੇ ਆਈ ਹੈ ਕਿ ਸੀ. ਐਸ. ਆਈ. ਐਸ. ਅਤੇ ਆਰ. ਸੀ. ਐਮ. ਪੀ. ਨੂੰ ਇਸ ਸੰਬੰਧੀ ਕੁਝ ਜਾਣਕਾਰੀ ਪਾਲ ਬੈਸੋ ਅਤੇ ਹਰਮੇਲ ਸਿੰਘ ਗਰੇਵਾਲ ਨਾਂ ਦੇ ਸਰਕਾਰੀ ਮੁਖਬਰਾਂ ਨੇ ਪਹਿਲਾਂ ਦਿੱਤੀ ਸੀ। ਬੇਸ਼ਕ ਇਹ ਜਾਣਕਾਰੀ ਬਿਨਾਂ ਤੱਥਾਂ ਤੋਂ ਹੀ ਸੀ ਪਰ ਅਜਿਹੀ ਗੁੰਦੀਆਂ ਜਾ ਰਹੀਆਂ ਗੋਂਦਾਂ ਨੂੰ ਦੇਖਦਿਆਂ ਸਰਕਾਰ ਦਾ ਫਰਜ਼ ਬਣਦਾ ਸੀ ਕਿ ਉਹ ਕੈਨੇਡਾ ਵਿਚ ਦੇ ਅਤਿਵਾਦੀ ਖਾਲਿਸਤਾਨੀ ਅਨਸਰਾਂ ਉਪਰ ਕਰੜੀ ਨਿਗਾਹਸਾਨੀ ਕਰਦੀ। ਜੇ ਇਸ ਤਰ੍ਹਾਂ ਕੀਤਾ ਹੁੰਦਾ ਤਾਂ ਸ੍ਰੀ ਸਿੱਧੂ ਅਤੇ ਏਅਰ ਇੰਡੀਆ ਦੇ 329 ਮੁਸਾਫਰਾਂ ਦੀਆਂ ਜਾਨਾਂ ਬਚਾਈਆਂ ਜਾਂ ਸਕਦੀਆਂ ਸਨ।

ਇਹ ਐਵੇਂ ਨਹੀਂ ਕਿ ਸੂੰਹੀਆ ਏਜੰਸੀ ਦਾ ਇਕ ਡਰਾਇਕੈਟਰ ਮਿ: ਫਿਨ ਅਸਤੀਫਾ ਦੇ ਗਿਆ ਹੈ। ਇਹ ਇਕ ਗੰਭੀਰ ਮਸਲਾ ਹੈ। ਅਸੀਂ ਇਸ ਤਰ੍ਹਾਂ ਖਾਲਿਸਤਾਨੀ ਲਹਿਰ ਦੇ ਪਿਛੇ ਸਾਮਰਾਜੀ ਏਜੰਸੀਆਂ ਦੀ ਤਾਰ ਹਿੱਲਦੀ ਅਣਦੇਖੀ ਨਹੀਂ ਕਰ ਸਕਦੇ।

# ਅਮਨ ਸ਼ਕਤੀਆਂ ਦੀ ਮਹਾਨ ਜਿੱਤ

ਸੋਵੀਅਤ ਯੂਨੀਅਨ ਅਤੇ ਅਮਰੀਕਾ ਵਿਚਕਾਰ ਨੇੜੇ ਤੇ ਦਰਮਿਆਨੀ ਮਾਰ ਕਰਨ ਵਾਲੇ ਮਿਜ਼ਾਈਲਾਂ ਤੇ ਪਾਬੰਦੀ ਲਾਉਣ ਅਤੇ ਯੂਰਪ ਅਤੇ ਪੂਰਬੀ ਏਸ਼ੀਆ ਤੋਂ ਹਟਾ ਲੈਣ ਦੇ ਸੰਬੰਧ ਵਿਚ ਜੋ ਸਮਝੌਤਾ 17-18 ਸਤੰਬਰ 1987 ਨੂੰ ਵਾਸ਼ਿੰਗਟਨ ਵਿਚ ਹੋਇਆ ਹੈ, ਉਹ ਸੰਸਾਰ ਭਰ ਦੀਆਂ ਅਮਨ ਸ਼ਕਤੀਆਂ ਦੀ ਜੰਗਬਾਜ਼ ਅਮਰੀਕਨ ਸਾਮਰਾਜ ਉਪਰ ਇਕ ਮਹਾਨ ਜਿੱਤ ਹੈ।

ਸੋਵੀਅਤ ਯੂਨੀਅਨ ਨੇ ਇਸ ਸਾਲ ਮਾਰਚ ਤੱਕ 19 ਮਹੀਨੇ ਐਟਮੀ ਤਜਰਬੇ ਬੰਦ ਰੱਖ ਕੇ ਇਹ ਦਰਸਾ ਦਿੱਤਾ ਸੀ ਕਿ ਉਹ ਸੰਸਾਰ ਉਪਰੋਂ ਐਟਮੀ ਹਥਿਆਰਾਂ ਨੂੰ ਖਤਮ ਕਰਨ ਲਈ ਕਿੰਨਾ ਸੰਜੀਦਾ ਹੈ। ਸੋਵੀਅਤ ਯੂਨੀਅਨ ਸੰਸਾਰ ਅਮਨ ਲਹਿਰ ਦੀ ਖੁੱਲ ਕੇ ਹਮਾਇਤ ਕਰ ਰਿਹਾ ਹੈ, ਜਦੋਂ ਕਿ ਅਮਰੀਕਨ ਸਾਮਰਾਜ ਅਮਨ ਲਹਿਰ ਨੂੰ ਇਕ ਹਊਆ ਸਮਝ ਰਿਹਾ ਹੈ।

ਇਹ ਸੰਸਾਰ ਅਮਨ ਲਹਿਰ ਅਤੇ ਸੋਵੀਅਤ ਯੂਨੀਅਨ ਦੀ ਅਮਨ ਇੱਛਾ ਹੀ ਸੀ, ਜਿਸ ਨੇ ਯੂਰਪ ਦੇ ਅਮਰੀਕੀ-ਨਾਟੋ ਦੇ ਭਾਈਵਾਲਾਂ ਨੂੰ ਆਪਣਾ ਰੁੱਖ ਬਦਲਣ ਲਈ ਮਜ਼ਬੂਰ ਕੀਤਾ। ਇਸੇ ਸਾਰੇ ਦੇ ਸਿੱਟੇ ਵਜੋਂ ਹੀ ਨੇੜੇ ਅਤੇ ਦਰਮਿਆਨੀ ਮਾਰ ਦੇ ਐਟਮੀ ਹਥਿਆਰਾਂ ਉਪਰ ਪਾਬੰਦੀ ਲਾਉਣ ਦੇ ਸਮਝੌਤਾ ਉਪਰ ਜੰਗਬਾਜ਼ ਅਮਰੀਕਾ ਨੂੰ ਮਜ਼ਬੂਰ ਕੀਤਾ ਹੈ।

ਇਸ ਸਮਝੌਤੇ ਦੇ ਹੇਠ ਸੋਵੀਅਤ ਯੂਨੀਅਨ ਆਪਣੇ 1400 ਦੇ ਕਰੀਬ ਮਜ਼ਾਈਲ ਸਾਰੇ ਥਾਵਾਂ ਤੋਂ ਹਟਾ ਲਵੇਗਾ ਅਤੇ ਅਮਰੀਕਾ ਕੇਵਲ 300 ਦੇ ਕਰੀਬ ਅਜਿਹੇ ਮਿਜ਼ਾਈਲਾਂ ਨੂੰ ਹਟਾਵੇ। ਏਥੇ ਵੀ ਸੋਵੀਅਤ ਯੂਨੀਅਨ ਦੀ ਉਦਾਰਤਾ ਅਤੇ ਅਮਨ ਇੱਛਾ ਨੂੰ ਪਰਤੱਖ ਦੇਖ ਸਕਦੇ ਹਾਂ।

ਜਦੋਂ ਤੋਂ ਰੇਗਨ ਅਮਰੀਕੀ ਪ੍ਰਧਾਨ ਬਣੇ ਹਨ, ਉਨ੍ਹਾਂ ਸੰਸਾਰ ਉਪਰ ਜੰਗ ਦੇ ਬੱਦਲ ਗਾੜ੍ਹੇ ਫੈਲਾ ਦਿੱਤੇ ਸਨ। ਉਹ ਸੋਵੀਅਤ ਯੂਨੀਅਨ ਨੂੰ, ਸਮਾਜਵਾਦ ਅਤੇ ਸੰਸਾਰ ਉਪਰ ਚੱਲ ਰਹੀਆਂ ਕਮਿਊਨਿਸਟ ਲਹਿਰਾਂ ਨੂੰ ਕੁਚਲਣ ਦਾ ਏਜੰਡਾ ਲੈ ਕੇ ਘੋੜੀ ਤੇ ਸਵਾਰ ਹੋ ਕੇ ਨਿਕਲਿਆ ਸੀ। ਇਹ ਉਸ ਦੀ ਅਹਿਮਕਾਂ ਦੀ ਦੁਨੀਆਂ ਵਿਚ ਝੱਖ ਮਾਰਨ ਤੋਂ ਵੱਧ ਕੁਝ ਵੀ ਸਿੱਧ ਨਹੀਂ ਹੋ ਸਕੀ। ਉਸ ਨੇ


## BERNARD SIMPSON & COMPANY

PRACTICE **RESTRICTED** TO
INJURIES SUFFERED DUE TO
**CAR ACCIDENTS (ICBC CLAIMS)**

ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ.
ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

HANDLING CAR ACCIDENTS FOR
OVER 15 YEARS

CONTINGENCY FEES AVAILABLE
(IF NO RECOVERY NO LEGAL FEE)
NO CHARGE FOR INITIAL
CONSULTATION
SITUATED IN THE AUTOMOBILE
ASSOCIATION BUILDING

**734-2272**
999 West Broadway, Vancouver, B.C. V5Z 1K5

ਆਪਣੀ ਇਸ ਮੁਹਿਮ ਵਿਚ ਅਮਰੀਕਾ ਦੇ ਮਿਲਟਰੀ ਇੰਡਸਟਰੀਅਲ ਕੰਪਲੈਕਸ ਦੇ ਹਿੱਤਾਂ ਵਿਚ ਚਲਾਇਆ। ਖਰਬਾਂ ਦੇ ਖਰਬਾਂ ਡਾਲਰ ਐਟਮੀ ਹਥਿਆਰਾਂ ਦੇ ਉਪਰ ਖਰਚ ਕੀਤੇ। ਆਮ ਲੋਕਾਂ ਨੂੰ ਪ੍ਰਾਪਤ ਸਹੂਲਤਾਂ ਦੇ ਖਰਚੇ ਕੱਟੇ, ਬੁੱਢਿਆਂ ਦੀਆਂ ਪੈਨਸ਼ਨਾਂ, ਗਰੀਬਾਂ ਦੀਆਂ ਖੁਰਾਕ-ਸਟੈਂਪਾਂ ਉਪਰ ਉਸ ਦਾ ਕੁਹਾੜਾ ਚੱਲਿਆ। ਇਹੋ ਨਹੀਂ ਉਸ ਵੀਅਤਨਾਮ ਵਿਚ ਐਟਮੀ ਸ਼ਕਤੀ ਨਾ ਵਰਤਣ ਉਪਰ ਵੀ ਅਫਸੋਸ ਪ੍ਰਗਟ ਕੀਤਾ।

ਅਜਿਹੇ ਜੰਗਬਾਜ਼ ਪ੍ਰਧਾਨ ਵਲੋਂ ਐਟਮੀ ਹਥਿਆਰਾਂ ਵਿਚ ਕਟੌਤੀ ਕਰਨ ਲਈ ਰਜ਼ਾਮੰਦ ਹੋਣਾ ਕੋਈ ਮਾਮੂਲੀ ਗੱਲ ਨਹੀਂ ਹੈ। ਜਿਉਂ ਜਿਉਂ ਰੇਗਨ ਦੀਆਂ ਜੰਗੀ ਬਦਨੀਤੀਆਂ ਲੋਕਾਂ ਵਿਚ ਜ਼ਾਹਰ ਹੋਈਆਂ, ਸੰਸਾਰ ਅਮਨ ਲਹਿਰ ਹੋਰਾਂ ਥਾਵਾਂ ਤੋਂ ਬਿਨਾਂ ਯੂਰਪ ਅਤੇ ਉਤਰੀ ਅਮਰੀਕਾ ਵਿਚ ਮਜ਼ਬੂਤ ਤੋਂ ਮਜ਼ਬੂਤ ਹੁੰਦੀ ਗਈ।

ਵੈਨਕੂਵਰ ਨੂੰ ਅਮਨ-ਸ਼ਹਿਰ ਦਾ ਦਰਜਾ ਦੇਣ ਲਈ ਵੈਨਕੂਵਰ ਦੇ ਲੋਕਾਂ ਦੀ ਸ਼ਾਨਦਾਰ ਜਿੱਤ ਸੀ। ਵੈਨਕੂਵਰ ਨੂੰ ਅਮਨ ਸ਼ਹਿਰ ਨਾ ਬਣਨ ਦੇਣ ਵਾਲੇ ਉਸ ਸਮੇਂ ਦੇ ਆਲਡਰ ਮੈਨ ਅਤੇ ਹੁਣ ਦੇ ਮੇਅਰ ਮਿਸਟਰ ਕੈਂਬਲ ਅੱਜ ਅਮਨ ਦੇ ਪੱਖ ਵਿਚ ਭੁਗਤਣ ਲਈ ਮਜ਼ਬੂਰ ਹੋਇਆ ਹੈ। ਪ੍ਰੰਤੂ ਅਮਰੀਕਨ ਸਾਮਰਾਜ ਨੂੰ ਇਹ ਕਦੀ ਵੀ ਸੁਖਾਵਾਂ ਨਹੀਂ ਲੱਗਿਆ ਕਿ 1980 ਤੋਂ ਲਗਾਤਾਰ ਅਪ੍ਰੈਲ ਦੇ ਪਿਛਲੇ ਸ਼ਨਿਚਰਵਾਰ ਹਰ ਸਾਲ ਨਿਕਲਣ ਵਾਲਾ ਅਮਨ ਜਲੂਸ ਹੋਰ ਹਜ਼ਾਰਾਂ ਲੋਕਾਂ ਨੂੰ ਖਿਚਣ ਦਾ ਇਕ ਵਸੀਲਾ ਬਣ ਜਾਵੇ। ਜੰਗਬਾਜ਼ ਅਮਰੀਕੀ ਸਾਮਰਾਜ ਇਸ ਵੈਨਕੂਵਰ ਦੀ ਅਮਨ ਲਹਿਰ ਨੂੰ ਦੰਦੀਆਂ ਚੜਾਉਣ ਲਈ ਹਰ ਵਰ੍ਹੇ ਅਮਨ ਜਲੂਸ ਦੇ ਦਿਨਾਂ ਵਿਚ ਆਪਣੇ ਐਟਮੀ ਬੇੜੇ ਨੂੰ ਵੈਨਕੂਵਰ ਦੀ ਬੰਦਰਗਾਹ ਉਪਰ ਲੈ ਆਉਂਦਾ ਹੈ। ਕੈਨੇਡਾ ਦੀ ਮਲਰੂਨੀ ਸਰਕਾਰ ਇੰਨੀ ਜ਼ੁਰੱਅਤ ਨਹੀਂ ਰੱਖਦੀ ਕਿ ਉਹ ਅਮਰੀਕਾ ਨੂੰ, ਕੈਨੇਡੀਅਨ ਲੋਕਾਂ ਦੀਆਂ ਅਮਨ ਭਾਵਨਾਵਾਂ ਦੀ ਬੇਇਜ਼ਤੀ ਕਰਨ ਤੋਂ ਰੋਕ ਸਕੇ। ਇਹ ਨਿਸਚੇ ਹੀ ਦੁਖ ਵਾਲੀ ਅਤੇ ਨਿਖੇਧੀ ਵਾਲੀ ਗੱਲ ਹੈ।

ਵੈਨਕੂਵਰ ਨੂੰ ਅਮਨ-ਸ਼ਹਿਰ ਦੇ ਤੌਰ ਉਪਰ ਅਤੇ ਵੈਨਕੂਵਰ ਦੇ ਸਾਰੇ ਏਰੀਏ ਦੇ ਅਮਨ ਇੱਛਕ ਲੋਕਾਂ ਦੇ ਸਤਿਕਾਰ ਵਜੋਂ 15 ਸਤੰਬਰ ਨੂੰ ਯੂ. ਐਨ. ਓ. ਵਲੋਂ ਸਤਿਕਾਰ ਦਾ ਵਿਸ਼ੇਸ਼ ਪਰਮਾਣ ਪੱਤਰ ਦਿਤਾ ਗਿਆ ਹੈ।

ਇਹ ਖੁਸ਼ੀ ਦੀ ਗੱਲ ਹੈ ਕਿ ਸੋਵੀਅਤ ਯੂਨੀਅਨ ਅਤੇ ਅਮਰੀਕਾ ਵਲੋਂ ਇਸ ਹੋਏ ਸਮਝੌਤੇ ਉਪਰ ਸਹੀ ਪਾਉਣ ਲਈ ਇਸ ਪਤਝੜ ਵਿਚ ਜਨਰਲ ਸੈਕਟਰੀ ਮਖਾਇਲ ਗੋਰਬਾਚੋਵ ਅਤੇ ਮਿ: ਰੇਗਨ ਬਾਕਾਇਦਾ ਦਸਤਖਤ ਕਰ ਰਹੇ ਹਨ। ਇਹ ਹੋਰ ਵੀ ਸੁਭਾਗੀ ਗੱਲ ਹੈ ਕਿ ਅਗਲੇ ਸਾਲ ਦੂਰ ਦੀ ਮਾਰ ਕਰਨ ਵਾਲੇ ਵੱਡੇ ਐਟਮੀ ਹਥਿਆਰਾਂ ਵਿਚ 50 ਫੀਸਦੀ ਕਮੀ ਕਰਨ ਵਾਰੇ ਵੀ ਵਿਚਾਰ ਵਟਾਂਦਰਾ ਹੋ ਚੁੱਕਾ ਹੈ।

ਜੇਕਰ ਸੰਸਾਰ ਅਮਨ ਲਹਿਰ ਹੋਰ ਵੀ ਸ਼ਕਤੀ ਨਾਲ ਅਗੇ ਵਧੇ ਤਾਂ ਕੋਈ ਕਾਰਨ ਨਹੀਂ ਕਿ ਇਸ ਸਦੀ ਦੇ ਅੰਤ ਤੱਕ ਸੰਸਾਰ ਉਪਰ ਸਾਰੇ ਐਟਮੀ ਹਥਿਆਰਾਂ ਦਾ ਅੰਤ ਕਰਨਾ ਸੰਭਵ ਹੋ ਸਕੇਗਾ।

ਸੋਵੀਅਤ ਯੂਨੀਅਨ ਅਤੇ ਅਮਰੀਕਾ ਵਿਚਕਾਰ ਹੋਏ ਇਸ ਸਮਝੌਤੇ ਅਤੇ ਅਗਲੇ ਸਾਲ ਦੂਰ ਮਾਰ ਕਰਨ ਵਾਲੀਆ 50 ਫੀਸਦੀ ਮਿਜ਼ਾਈਲਾਂ ਦੇ ਹੋਣ ਵਾਲੇ ਸਮਝੌਤੇ ਨੂੰ ਜਦੋਂ ਅਸੀਂ ਆਸ ਭਰੀ ਦਰਿਸ਼ਟੀ ਨਾਲ ਦੇਖਦੇ ਹਾਂ ਤਾਂ ਸਾਨੂੰ ਫਿਰ ਵੀ ਅਮਰੀਕਾ ਦੀ 'ਸਟਾਰ ਵਾਰ' ਦੀ ਤਿਆਰੀ ਤੋਂ ਪਿਛੇ ਨਾ ਹਟਣ ਦੀ 'ਧਮਕੀ' ਵਰਗੀ ਜ਼ਿੱਦ ਬਾਰੇ ਵੀ ਸੁਣਨਾ ਪੈ ਰਿਹਾ ਹੈ। ਭਾਵੇਂ ਬੁੱਢਾ ਜੰਗਬਾਜ਼ ਲੋਕਾਂ ਦੇ ਦਬਾਓ ਹੇਠ ਹਥਿਆਰ ਮਨਾਹੀ ਵੱਲ ਤੁਰ ਰਿਹਾ ਹੈ ਪਰ ਇਸ ਦੇ ਮਨੁਖਤਾ ਵਿਰੋਧੀ ਆਦਮਖੋਰ ਜੰਗੀ ਇਰਾਦੇ ਹਾਲੇ ਵੀ ਉਸੇ ਤਰ੍ਹਾਂ ਹੀ ਹਨ। ਅਜਿਹੀ ਸਥਿਤੀ ਵਿਚ ਜਿਥੇ ਸੰਸਾਰ ਅਮਨ ਲਹਿਰ ਨੂੰ ਹੋਰ ਵਧੇਰੇ ਮਜ਼ਬੂਤ ਕਰਨ ਲਈ ਘਰ ਘਰ ਜਾਣ ਦੀ ਲੋੜ ਹੈ ਉਥੇ ਖੁਦ ਅਮਰੀਕਾ ਦੇ ਅੰਦਰ ਲੋਕਾਂ ਦੀ ਅਮਨ ਲਹਿਰ ਨੂੰ ਤਕੜੇ ਤੌਰ ਉਪਰ ਆਵਾਜ਼ ਉਚੀ ਕਰਨੀ ਚਾਹੀਦੀ ਹੈ। ਅਮਰੀਕਾ ਵਿਚ ਵਧਦੀ ਭਾਰਤੀ ਕਮਿਊਨਿਟੀ ਨੂੰ ਇਸ ਨੇਕ ਅਤੇ ਪਰਉਪਕਾਰੀ ਕੰਮ ਵਿਚ ਉਦਮ ਦਿਖਾਉਣ ਦੀ ਆਮ ਸਮੇਂ ਨਾਲੋਂ ਅੱਜ ਵਧੇਰੇ ਲੋੜ ਹੈ।

ਅਸੀਂ ਹਰ ਸਾਲ ਲੋਕਤਾ ਰਾਹੀਂ ਅਤੇ ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਭਾਰਤੀ ਮੂਲ ਦੇ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਅਪਰੈਲ ਦੇ ਆਖਰੀ ਸ਼ਨਿਚਰਵਾਰ ਨੂੰ ਹੋਣ ਵਾਲੇ ਹਰ ਸਾਲ ਦੇ ਅਮਨ ਜਲੂਸ ਵਿਚ ਵੱਧ ਤੋਂ ਵੱਧ ਗਿਣਤੀ ਵਿਚ ਪਰਵਾਰਾਂ ਸਮੇਤ ਭਾਗ ਲਿਆ ਕਰਨ।

**ਸੰਸਾਰ ਅਮਨ ਜਿੰਦਾਬਾਦ**

## ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਵਲੋਂ

# ਪਬਲਿਕ ਮੀਟਿੰਗ

**ਸਥਾਨ :** ਮੋਬਰਲੀ ਪਾਰਕ ਹਾਲ, ਵੈਨਕੂਵਰ,
(ਪ੍ਰਿੰਸ ਐਲਬਰਟ ਤੇ 60 ਐਵੇਨਿਊ ਈਸਟ)

**ਸਮਾਂ :** 4 ਅਕਤੂਬਰ, 1987, ਸ਼ਾਮ 3.30 ਵਜੇ

**ਵਿਚਾਰਯੋਗ ਵਿਸ਼ੇ :**

- ਭਾਰਤ ਦੀ ਰਾਜਸੀ ਹਾਲਤ
- ਰਾਜੀਵ ਸਰਕਾਰ ਵਿਰੁੱਧ ਅਸਤੀਫ਼ੇ ਦੀ ਮੁਹਿੰਮ
- ਰੀਫੀਊਜੀ ਤੇ ਇੰਮੀਗਰੇਸ਼ਨ ਦੇ ਸਵਾਲ
- ਵੈਨਕੂਵਰ ਵਿਚ ਘਰਾਂ ਦੀਆਂ ਬੇਸਮੈਂਟਾਂ ਸਬੰਧੀ ਹੁਣ ਤੱਕ ਦੀ ਸਥਿਤੀ ਆਦਿ ...

ਲੋਕ ਕਲਾ ਕੇਂਦਰ ਵੈਨਕੂਵਰ ਦੇ ਮੈਂਬਰਾਂ ਵਲੋਂ ਗੀਤ, ਕਵਿਤਾਵਾਂ

ਹੋਰ ਜਾਣਕਾਰੀ ਲਈ ਫੋਨ ਕਰੋ :

**ਪ੍ਰਧਾਨ — ਸੁਰਿੰਦਰ ਸਿੰਘ ਸੰਘਾ - 588-5217**

**ਜਨਰਲ ਸਕੱਤਰ — ਮਹਿੰਦਰ ਸੁਮਲ - 327-6461**


# ASHOKA TRADING CO. LTD.

*6621 MAIN STREET, VANCOUVER. B.C.*

## 324-7521

• ਕਢਾਈ ਵਾਲੀਆਂ ਅਤੇ ਸਿਲਕ ਦੀਆਂ ਵਧੀਆ ਸਾੜ੍ਹੀਆਂ ਭਾਰਤ ਤੋਂ ਅਤੇ ਪ੍ਰਿੰਟਿਡ ਅਤੇ ਪਲੇਨ ਸਾੜ੍ਹੀਆਂ ਜਾਪਾਨ ਤੋਂ ਸਿੱਧੀਆਂ ਮੰਗਵਾਈਆਂ ਜਾਂਦੀਆਂ ਹਨ। **ਕੇਵਲ ਹੋਲ ਸੇਲ ਤੇ ਖ੍ਰੀਦਣ ਲਈ ਫੂਨ ਕਰੋ**

INDIAN SILK SAREES & SUITS
JAPANEEESE SUITS & SAREES
COSTUME JEWELLERY

**WAREHOUSE ADDRESS:**
# 102 - 8185 MAIN ST., VANCOUVER. B.C.
**TEL: (604) 321 - 4506**

*WORLD WIDE IMPORTS IN FABRICS, SAREES & JEWELLERY WHOLESALE & RETAIL*



**WELL DISPLAYED & MOST DECORATED STORE IN TOWN**

*ਪੰਜਾਬ ਦੇ ਕਿਸਾਨਾਂ-ਖੇਤ-ਮਜ਼ਦੂਰਾਂ ਨੂੰ :*

# ਜੇਲ ਭਰੋ ਅੰਦੋਲਨ ਦੀ ਸਫਲਤਾ ਤੇ ਵਧਾਈ

—ਮੋਹਨ ਸਿੰਘ ਜੰਡਿਆਲਾ ਕਨਵੀਨਰ ਸਾਂਝੀ ਐਕਸ਼ਨ ਕਮੇਟੀ ਤੇ ਪ੍ਰਧਾਨ ਪੰਜਾਬ ਕਿਸਾਨ ਸਭਾ

ਸਰਬ ਹਿੰਦ ਕਿਸਾਨ ਸਭਾ ਅਤੇ ਸਰਬ ਹਿੰਦ ਖੇਤ-ਮਜ਼ਦੂਰ ਯੂਨੀਅਨ ਦੇ ਸਾਂਝੇ ਸੱਦੇ 'ਤੇ ਦੇਸ਼ ਦੇ ਕਿਸਾਨਾਂ ਤੇ ਖੇਤ-ਮਜ਼ਦੂਰਾਂ ਵਲੋਂ 7 ਸਤੰਬਰ ਤੋਂ ਹਫਤਾ-ਭਰ ਦੇਸ਼ ਵਿਆਪੀ ਅੰਦੋਲਨ ਕੀਤਾ ਗਿਆ। ਇਹ ਅੰਦੋਲਨ ਕਿਸਾਨਾਂ ਖੇਤ ਮਜ਼ਦੂਰਾਂ ਦੀਆਂ ਕੁਝ ਭਖਦੀਆਂ ਫੌਰੀ ਮੰਗਾਂ ਲਈ ਅਤੇ ਬਦਲਵੀਆਂ ਨੀਤੀਆਂ ਨੂੰ ਉਭਾਰਨ ਲਈ ਕੀਤਾ ਗਿਆ। ਦੇਸ਼ ਪੱਧਰ ਤੇ ਅੰਦਾਜ਼ਾ ਸੀ ਕਿ 15 ਲਖ ਤੋਂ ਵਧ ਕਿਸਾਨ ਖੇਤ-ਮਜ਼ਦੂਰ ਇਸ ਅੰਦੋਲਨ ਵਿਚ ਹਿਸਾ ਲੈਣਗੇ। ਪਰ ਵਖ ਵੱਖ ਰਾਜਾਂ ਦੀਆਂ ਰੀਪੋਰਟਾਂ ਦਸਦੀਆਂ ਹਨ ਕਿ ਇਸ ਅੰਦਾਜ਼ੇ ਤੋਂ ਕਿਤੇ ਵਧ ਲੋਕਾਂ ਨੇ ਆਪਣੇ ਆਪ ਨੂੰ ਗਰਿਫਤਾਰੀਆਂ ਲਈ ਪੇਸ਼ ਕੀਤਾ।

ਪੰਜਾਬ ਲੰਮੇ ਸਮੇਂ ਤੋਂ ਗੜਬੜ ਗਰੱਸਥ ਚਲਿਆ ਆ ਰਿਹਾ ਹੈ। ਦਹਿਸ਼ਤ-ਪਸੰਦਾਂ ਦੀਆਂ ਨਿਤ ਦੀਆਂ ਸਰਗਰ-ਮੀਆਂ ਕਾਰਨ ਰਾਜ ਵਿਚ ਅਸੁਰੱਖਿਆ ਮਹਿਸੂਸ ਕੀਤੀ ਜਾ ਰਹੀ ਹੈ। ਪੇਂਡੂ ਖੇਤਰਾਂ ਵਿਚ ਅਮਨ-ਕਨੂੰਨ ਦੀ ਹਾਲਤ ਬੜੀ ਖਰਾਬ ਅਤੇ ਚਿੰਤਾਜਨਕ ਬਣੀ ਹੋਈ ਹੈ। ਦੂਸਰੇ ਹਥ ਪੰਜਾਬ ਦੀ ਹਾੜੀ ਦੀ ਫਸਲ ਖਾਸ ਕਰਕੇ ਕਣਕ ਮੀਹਾਂ ਹਨੇਰੀਆਂ ਨੇ ਬਰਬਾਦ ਕਰ ਦਿਤੀ ਸੀ। ਕਿਸਾਨ ਤੇ ਖੇਤ-ਮਜ਼ਦੂਰ ਡੂੰਘੇ ਸੰਕਟ ਦਾ ਸ਼ਿਕਾਰ ਹਨ। ਇਸ ਪਿਛੋਕੜ ਵਿਚ ਲਗਾਤਾਰ ਸਖਤ ਔੜ ਕਾਰਨ ਸਾਉਣੀ ਦੀ ਫਸਲ ਦਾ ਵੀ ਭਾਰੀ ਨੁਕਸਾਨ ਹੋ ਰਿਹਾ ਹੈ। ਕਿਸਾਨੀ ਦਾ ਸਾਰਾ ਧਿਆਨ ਇਸ ਫਸਲ ਨੂੰ ਬਚਾਉਣ ਤੇ ਕਿਸੇ ਤਰਾਂ ਸਿਰੇ ਚਾੜ੍ਹਨ ਵਣ ਲਗਾ ਹੋਇਆ ਹੈ। ਉਹਨਾਂ ਲਈ ਖੇਤਾਂ ਵਿਚੋਂ ਲਾਂਭੇ ਹੋਣਾ ਜਾਂ ਨਿਕਲਣਾ ਲਗ-ਪਗ ਅਸੰਭਵ ਬਣਿਆ ਹੋਇਆ ਹੈ। ਇਸ ਸਾਰੀ ਹਾਲਤ ਨੂੰ ਧਿਆਨ ਵਿਚ ਰਖਦਿਆਂ 'ਜੇਲ ਭਰੋ ਅੰਦੋਲਨ' ਲਈ ਕਾਇਮ ਹੋਈ ਐਕਸ਼ਨ ਕਮੇਟੀ ਨੇ 20,000 ਤੋਂ ਵਧ ਕਿਸਾਨਾਂ, ਖੇਤ-ਮਜ਼ਦੂਰਾਂ ਨੂੰ ਮੋਰਚੇ ਲਈ ਲਾਮਬੰਦ ਕਰ ਲੈਣ ਦਾ ਟੀਚਾ ਮਿਥਿਆ ਸੀ।

ਪਰ ਪੰਜਾਬ ਦੀ ਖੇਤ-ਮਜ਼ਦੂਰਾਂ ਸਮੇਤ ਸਮੁਚੀ ਕਿਸਾਨੀ 36,000 ਤੋਂ ਵਧ ਦੀ ਗਿਣਤੀਨੇ ਅੰਦੋਲਨ ਵਿਚ ਬੜੇ ਜੋਸ਼, ਰੋਹ ਅਤੇ ਉਤਸ਼ਾਹ ਨਾਲ ਹਿਸਾ ਲਿਆ। 7 ਤੋਂ 11 ਸਤੰਬਰ ਤਕ ਚਲੇ ਜੇਲ-ਭਰੋ ਅੰਦੋਲਨ ਦੇ ਹਰ ਨਵੇਂ ਦਿਨ ਸਤਿਆਗਰਿਹੀਆਂ ਦੀ ਗਿਣਤੀ ਵਧਦੀ ਹੀ ਚਲੀ ਗਈ। (12 ਤੇ 13/9 ਨੂੰ ਦਫਤਰ ਬੰਦ ਸਨ) ਹਰ ਜ਼ਿਲੇ ਦੇ ਜਥਿਆਂ ਵਿਚ ਨੌਜਵਾਨਾਂ ਨੇ ਵਧ ਚੜਕੇ ਹਿਸਾ ਪਾਇਆ। ਇਸਤਰੀਆਂ ਵੀ ਪਿਛੇ ਨਹੀਂ ਰਹੀਆਂ। ਸਨਅਤੀ ਕੇਂਦਰਾਂ ਵਿਚ ਮਜ਼ਦੂਰਾਂ ਨੇ ਜਥਿਆਂ ਦਾ ਭਰਵਾਂ ਸਵਾ-ਗਤ ਕਰਕੇ ਫੂਡ ਪੈਕਟ ਤੇ ਫਲ ਆਦਿ ਖੁਆਏ। ਕਿਸਾਨ-ਮਜ਼ਦੂਰ ਏਕਤਾ ਦਾ ਜ਼ਬੂਤ ਦਿਤਾ।

ਇਸ ਅੰਦੋਲਨ ਦੀ ਭਾਰੀ ਸਫ-ਲਤਾ ਗੜਬੜ, ਅਸੁਰੱਖਿਆ ਡੂੰਘੇ ਸੰਕਟ ਦੀ ਸ਼ਥਿਤੀ ਵਿਚ ਇਸ ਗਲ ਨੂੰ ਉਭਾਰਕੇ ਉਜਾਗਰ ਕਰਦੀ ਹੈ ਕਿ ਕਿਸਾਨਾਂ ਅਤੇ ਖੇਤ-ਮਜ਼ਦੂਰਾਂ ਵਿਚ ਸਖਤ ਤੇ ਡੂੰਘੀ ਬੇਚੈਨੀ ਹੈ। ਅਜ਼ਾਦੀ ਤੋਂ ਬਾਅਦ ਦੇ 40 ਸਾਲਾਂ ਦੌਰਾਨ ਹਾਕਮ ਪਾਰਟੀ ਕਾਂਗਰਸ ਦੀਆਂ ਸਰਕਾਰਾਂ ਜਿਹਨਾਂ ਨੀਤੀਆਂ ਉਤੇ ਚਲੀਆਂ ਹਨ, ਉਹਨਾਂ ਨੇ ਗਰੀਬੀ ਅਤੇ ਗਰੀਬਾਂ ਦੀ ਗਿਣਤੀ ਵਿਚ ਵਾਧਾ ਕੀਤਾ ਹੈ। ਬੇਕਾਰੀ ਵਿਚ ਆਏ ਸਾਲ ਵਾਧਾ ਹੋਇਆ ਹੈ। ਵਧਦੀ ਹੋਈ ਮਹਿੰਗਾਈ ਨੇ ਮਿਹਨਤਕਸ਼ਾਂ ਦੀਆਂ ਆਮਦਨੀਆਂ ਲਗਾਤਾਰ ਖੋਰੀਆਂ ਹਨ। ਮਿਹਨਤਕਸ਼ ਜਨ-ਸਮੂਹ ਥੁੜਾਂ, ਔਕੜਾਂ ਅਤੇ ਨਿਰਾਸਤਾ ਦਾ ਜੀਵਨ ਭੋਗ ਰਹੇ ਹਨ। ਪਛੜੇਵਾਂ ਉਸੇ ਤਰਾਂ ਕਾਇਮ ਹੈ। ਅਨਪੜਤਾ ਖਾਸ ਕਰਕੇ ਪੇਂਡੂ ਖੇਤਰਾਂ ਵਿਚ ਘਟ ਨਹੀਂ ਰਹੀ, ਵਧ ਰਹੀ ਹੈ। ਮਨੁਖਾ ਤੇ ਪਸ਼ੂਆਂ ਦੇ ਇਲਾਜ ਦਾ ਕੋਈ ਪ੍ਰਬੰਧ ਨਹੀਂ। ਕਿਸਾਨਾਂ ਅਤੇ ਖੇਤ-ਮਜ਼ਦੂਰਾਂ ਉਤੇ ਕਰਜ਼-ਭਾਰ ਲਗਾਤਾਰ ਵਧਦਾ ਗਿਆ ਹੈ। ਭਰਿਸ਼ਟਾਚਾਰ ਅਤੇ ਨੌਕਰਸ਼ਾਹੀ ਦੀ ਲੋਕ-ਵਿਰੋਧੀ ਪਹੁੰਚ ਨੇ ਆਮ-ਲੋਕਾਂ ਦੀਆਂ ਮਾੜੀਆਂ ਮੋਟੀਆਂ ਆਸਾਂ ਤੇ ਵੀ ਪਾਣੀ ਫੇਰ ਦਿਤਾ ਹੈ। ਪਿਛਲੇ ਚਾਲੀ ਸਾਲ ਸਰਮਾਏਦਾਰ-ਜਗੀਰਦਾਰ ਖਾਸੇ ਦੀਆਂ ਸਰਕਾਰਾਂ ਨੇ ਅਸਿਧੇ ਟੈਕਸਾਂ ਵਿਚ ਲਗਾਤਾਰ ਵਾਧਾ ਕਰਕੇ ਅਤੇ ਘਾਟੇ ਦੀ ਵਿਤ ਵਿਵਸਥਾ ਰਾਹੀਂ ਸਰਮਾਏਦਾਰੀ ਵਿਕਾਸ ਤੋਂ ਪੈਦਾ ਹੋਏ ਸੰਕਟ ਦਾ ਸਾਰਾ ਭਾਰ ਆਮ ਲੋਕਾਂ ਖਾਸ ਕਰਕੇ ਕਿਸਾਨੀ ਉਤੇ ਲਦਿਆ ਹੈ। ਵਡੇ ਸਰਮਾਏਦਾਰਾਂ ਨੂੰ ਟੈਕਸਾਂ ਵਿਚ ਵਡੀਆਂ ਛੋਟਾਂ ਦਿਤੀਆਂ ਹਨ।

ਜ਼ਮੀਨ 'ਤੇ ਲੈਂਡਲਾਰਡਾਂ ਦੀ ਇਜਾਰੇਦਾਰੀ ਕਾਇਮ ਹੀ ਨਹੀਂ ਸਗੋਂ ਵਧੀ ਹੈ। ਜਗੀਰਦਾਰੀ ਖਤਮ ਨਹੀਂ ਕੀਤੀ। ਕਿਸਾਨ-ਖੇਤ-ਮਜ਼ਦੂਰ ਲਹਿਰ ਦੇ ਦਬਾਅ ਹੇਠ ਜੇਹੜੇ ਜ਼ਮੀਨੀ ਸੁਧਾਰਾਂ ਦੇ ਕਨੂੰਨ ਬਣਾਏ ਹਨ, ਉਹ ਨਾਕਸ ਸਿਧ ਹੋਏ ਹਨ। ਉਹਨਾਂ ਵਿਚ ਮਘੋਰੇ ਰਖੇ ਗਏ ਹਨ। ਜਿਹਨਾਂ ਨੂੰ ਵਰਤਕੇ ਜਗੀਰਦਾਰ ਜ਼ਮੀਨ ਦਾ ਬਹੁਤ ਵਡਾ ਰਕਬਾ ਆਪਣੇ ਹੇਠ ਰਖਣ 'ਚ ਸਫਲ ਹੋਏ ਹਨ।

ਇਸ ਅੰਦੋਲਨ ਦੌਰਾਨ ਜਿਥੇ ਪੰਜਾਬ ਨੂੰ ਔੜ ਮਾਰਿਆ ਸੂਬਾ ਕਰਾਰ


**Westminster Chevrolet - Oldsmobile**

**1983 ਦੇ GM ਦੇ ਗਰੈਂਡ ਸੇਲਜ਼ ਮਾਸਟਰ!**



ਗੁਰਜੀਤ ਬਾਵਾ ਢੀਂਡਸਾ

● ਚੰਗੀ ਕਾਰ ● ਵਧੀਆ ਡੀਲ ● ਤਜਰਬੇਕਾਰ ਸੇਲਜ਼

ਕਾਰ, ਵੈਨ ਜਾਂ ਟਰੱਕ ਖ੍ਰੀਦਣ ਤੋਂ ਪਹਿਲਾਂ ਆਪਣੇ ਪਿਆਰੇ ਸੇਲਜ਼ਮੈਨ ਕਨਸਲਟੈਂਟ

**ਗੁਰਜੀਤ ਸਿੰਘ ਢੀਂਡਸਾ ਨੂੰ ਮਿਲੋ**

GM

**Bus. 521-7731 Pager 687-1985 #5531**



**Gurjit (Bawa) Dhindsa** 12th. Street at Queens Ave., New Westminster, B.C.

ਦਿਉ ਝੋਨੇ ਤੇ 30 ਰੁਪਏ ਕਵਿੰਟਲ ਬੋਨਸ ਦਿਉ, ਖਾਲੀ ਪਏ ਖੇਤ ਤੇ 500 ਰੁਪਏ ਅਤੇ ਝੋਨੇ ਦੇ ਖਰਾਬੇ ਤੇ 1000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿਉ—ਜਿਣਸਾਂ ਦੇ ਲਾਹੇਵੰਦ ਭਾਅ ਦਿਓ—ਖੇਤ-ਮਜ਼ਦੂਰਾਂ ਲਈ ਗੁਜਾਰੇ ਯੋਗ ਉਜਰਤਾਂ ਮਿਥੋ—ਇਕ ਸਰਬ-ਪੱਖੀ ਕੇਂਦਰੀ ਕਨੂੰਨ ਬਣਾਉ—ਉਸਨੂੰ ਲਾਗੂ ਕਰਨ ਲਈ ਮਸ਼ੀਨਰੀ ਕਾਇਮਕਰੋ—ਪੂਰੀ ਬਿਜਲੀ ਪੂਰਾ ਪਾਣੀ ਦਿਓ—ਖੇਤੀ ਲਾਗਤਾਂ ਸਸਤੀਆਂ ਦਿਓ—ਪਿੰਡਾਂ 'ਚ ਸਸਤੀਆਂ ਦੁਕਾਨਾਂ ਰਾਹੀਂ ਜੀਵਨ ਲੋੜਾਂ ਦੇਣ ਦਾ ਪਕਾ ਪ੍ਰਬੰਧ ਕਰੋ—ਬੁਢਾਪਾ ਤੇ ਵਿਧਵਾ ਪੈਨਸ਼ਨਾਂ ਸਾਰੇ ਲੋੜਵੰਦਾਂ ਨੂੰ ਦਿਉ ਤੇ ਪੈਨਸ਼ਨ 100 ਰੁਪਏ ਮਹੀਨਾ ਦਿਉ 5000 ਤਕ ਦੇ ਕਰਜ਼ੇ ਮੁਆਫ ਕਰੋ ਇਤ ਆਦਿ ਫੌਰੀ ਭਖਦੀਆਂ ਮੰਗਾਂ ਹਨ। ਉਥੇ ਜਗੀਰਦਾਰਾਂ ਦੀ ਵਾਧੂ ਜਮੀਨ ਖੇਤ-ਮਜ਼ਦੂਰਾਂ ਗਰੀਬ ਕਿਸਾਨਾਂ 'ਚ ਮੁਫਤ ਵੰਡੋ—ਬੇਦਖਲੀਆਂ ਬੰਦ ਕਰੋ ਅਬਾਦਕਾਰਾਂ—ਸੀਡ ਫਾਰਮ ਦੇ ਪੁਰਾਣੇ ਮੁਜ਼ਾਰਿਆਂ ਨੂੰ ਮਾਲਕੀ ਹਕ ਦਿਉ—ਟੈਕਸ ਭਾਰ ਘਟ ਕਰੋ—ਘਟ ਸੂਦ ਤੇ ਕਰਜ਼ੇ—ਸਹਿਕਾਰੀ ਲਹਿਰ ਤੇ ਨੌਕਰਸ਼ਾਹੀ ਦਾਬਾ ਖਤਮ ਕਰੋ—ਇਸਨੂੰ ਜਮਹੂਰੀ ਬਣਾਓ—ਕਾਲੇ ਕਨੂੰਨ ਵਾਪਸ ਲਵੋ—ਕੇਂਦਰ ਰਾਜ ਸਬੰਧ ਮੁੜ ਉਸਾਰੋ ਤੇ ਰਾਜ਼ਾਂ ਨੂੰ ਵਧੇਰੇ ਅਧਿਕਾਰ ਅਤੇ ਵਸੀਲੇ ਦਿਓ ਇਤ ਆਦਿ ਅਜੇਹੀਆਂ ਮੰਗਾਂ ਹਨ ਜੋ ਬਦਲਵੀਆਂ ਨੀਤੀਆਂ ਨੂੰ ਪੇਸ਼ ਕਰਦੀਆਂ ਹਨ।

ਇਸ ਅੰਦੋਲਨ ਨੇ ਇਹਨਾਂ ਫੌਰੀ ਭਖਦੀਆਂ ਤੇ ਬਦਲਵੀਆਂ ਨੀਤੀਆਂ ਬਾਰੇ ਮੰਗਾਂ ਨੂੰ ਦੇਸ਼ ਪੱਧਰ ਉਤੇ ਉਭਾਰਕੇ ਸਾਹਮਣੇ ਲਿਆਂਦਾ ਹੈ। ਇਸਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਸਾਂਝੇ ਐਕਸ਼ਨ ਅਤੇ ਅੰਦੋਲਨ ਦੀ ਲੋੜ ਨੂੰ ਉਜਾਗਰ ਕੀਤਾ ਹੈ। ਇਸਨੇ ਕਿਸਾਨ-ਖੇਤ-ਮਜ਼ਦੂਰ ਏਕਤਾ ਨੂੰ ਕਾਇਮ ਕਰਨ ਅਤੇ ਮਜ਼ਬੂਤ ਬਨਾਉਣ ਲਈ ਰਾਹ ਪਧਰਾ ਕੀਤਾ ਹੈ। ਇਸ ਨੇ ਦੇਸ਼ ਵਿਚ ਜ਼ਰਦੀ ਇਨਕਲਾਬ ਨੂੰ ਸਿਰੇ ਚਾੜ੍ਹਨ ਦੀ ਲੋੜ ਨੂੰ ਸਾਹਮਣੇ ਲਿਆਂਦਾ ਹੈ, ਅਤੇ ਇਸ ਇਨਕਲਾਬ ਨੂੰ ਸਫਲ ਕਰਨ ਵਾਲੀਆਂ ਸ਼ਕਤੀਆਂ ਨੂੰ ਹਰਕਤ ਵਿਚ ਲਿਆਂਦਾ ਅਤੇ ਲਾਮਬੰਦ ਕੀਤਾ ਹੈ।

ਪੰਜਾਬ ਵਿਚ ਅੰਦੋਲਨਕਾਰੀਆਂ ਨੂੰ ਸਰਕਾਰ ਨੇ ਗਰਿਫਤਾਰ ਨਾ ਕਰਨ ਦੀ ਪਹੁੰਚ ਅਪਣਾਈ। ਜੇ ਕਿਤੇ ਵਾਲੰਟੀਅਰ ਗਰਿਫਤਾਰ ਕੀਤੇ ਤਾਂ ਸ਼ਾਮ ਨੂੰ ਛਡ ਦਿਤੇ ਜਿਵੇਂ ਗੁਰਦਾਸਪੁਰ ਜ਼ਿਲੇ ਵਿਚ ਪੰਜ ਦਿਨ ਹੀ ਗ੍ਰਿਫਤਾਰੀਆਂ ਹੁੰਦੀਆਂ ਰਹੀਆਂ। ਹਰ ਅਜੇਹਾ ਮੋਰਚਾ ਗਰਿਫਤਾਰੀਆਂ ਹੋਣ ਨਾਲ ਸਦਾ ਭਖਦਾ ਹੈ।ਫੇਰ ਵੀ ਇਹ ਅੰਦੋਲਨ ਦਿਨੋ ਦਿਨ ਚੜ੍ਹਾਈ ਵਿਚ ਰਿਹਾ। ਇਸ ਅੰਦੋਲਨ ਵਿਚ ਜਿਥੇ

# ਪੰਜਾਬ ਵਿਚ ਜੇਲ੍ਹ ਭਰੋ ਅੰਦੋਲਨ ਦੀਆਂ ਵੱਖ ਵੱਖ ਝਾਕੀਆਂ

ਕਿਸਾਨ ਖੇਤ ਮਜਦੂਰ ਵਾਲੰਟੀਅਰ ਜ਼ਿਲਾ ਕੇਂਦਰਾਂ ਵਲ ਵਧ ਰਹੇ ਅਤੇ ਜ਼ਿਲਾ ਕੇਂਦਰਾਂ ਵਿਚ ਪਿਕਟਿੰਗ ਕਰਦੇ ਵਖਾਈ ਦੇ ਰਹੇ ਹਨ





ਪੰਜਾਬ ਦੇ ਸਾਰੇ ਜ਼ਿਲਿਆਂ ਨੇ ਆਪਣੀ ਜਥੇਬੰਦਕ ਸ਼ਕਤੀ ਤੋਂ ਵਧ ਹਿਸਾ ਪਾਇਆ ਉਥੇ ਅੰਮ੍ਰਿਤਸਰ ਤੇ ਗੁਰਦਾਸਪੁਰ ਦੀਆਂ ਕਿਸਾਨ-ਖੇਤ-ਮਜ਼ਦੂਰ ਜਥੇਬੰਦੀਆਂ ਨੇ ਹਿੰਮਤ, ਦਲੇਰੀ, ਦ੍ਰਿੜਤਾ ਦਾ ਸਬੂਤ ਦਿਤਾ ਜਿੰਨਾ ਵਿਆਪਕ ਜਹਿਮ ਤੇ ਅਸੁਰੱਖਿਆ ਦੇ ਮਹੌਲ ਵਿਚ ਆਪਣੇ ਜ਼ੁਮੇ ਲਏ ਕੋਟੇ ਤੋਂ ਵਧ ਹਿਸਾ ਪਾਇਆ।

ਅਸੀਂ ਐਕਸ਼ਨ ਕਮੇਟੀ ਵਲੋਂ ਇਸ ਅੰਦੋਲਨ ਦੀ ਭਾਰੀ ਸਫਲਤਾ ਤੇ ਪੰਜਾਬ ਦੇ ਕਿਸਾਨਾਂ-ਖੇਤ-ਮਜ਼ਦੂਰਾਂ ਨੂੰ ਵਧਾਈ ਦਿੰਦੇ ਹਾਂ ਅਤੇ ਆਸ ਰਖਦੇ ਹਾਂ ਕਿ ਇਸ ਸਫਲਤਾ ਤੋਂ ਉਤਸ਼ਾਹ ਲੈ ਕੇ, ਕਿਸਾਨ ਸਭਾ ਤੇ ਖੇਤ-ਮਜ਼ਦੂਰ ਯੂਨੀਅਨ ਦੇ ਘੇਰੇ ਨੂੰ ਵਿਸ਼ਾਲ ਕਰਨ ਲਈ ਕੋਈ ਕਸਰ ਬਾਕੀ ਨਹੀਂ ਛਡੀ ਜਾਵੇਗੀ। ਇਹਨਾਂ ਦੋਵਾਂ ਸਭ ਤੋਂ ਪੁਰਾਣੀਆਂ ਹੰਢੀਆਂ ਹੋਈਆਂ ਲੜਾਕੂ ਤੇ ਇਨਕਲਾਬੀ ਰਵਾਇਤਾਂ ਦੀਆਂ ਵਾਰਸ ਜਥੇਬੰਦੀਆਂ ਦਾ ਜਾਲ ਪਿੰਡ ਪਿੰਡ ਵਛਾਇਆ ਜਾਵੇਗਾ ਅਤੇ ਵਧ ਤੋਂ ਵਧ ਕਿਸਾਨਾਂ ਖੇਤ-ਮਜ਼ਦੂਰਾਂ ਨੂੰ ਜਥੇਬੰਦੀਆਂ ਵਿਚ ਸ਼ਾਮਲ ਕੀਤਾ ਜਾਵੇਗਾ।

ਆਉਣ ਵਾਲੇ ਦਿਨਾਂ ਵਿਚ ਐਤ

ਕਾਰਨ ਫਸਲਾਂ ਦੀ ਬਰਬਾਦੀ ਦਾ ਯੋਗ ਮੁਆਵਜ਼ਾ, ਪਿੰਡਾਂ ਵਿਚ ਹਰ ਜੀਵਨ ਲੋੜ ਸਸਤੀ ਦੇਣ ਦੇ ਪ੍ਰਬੰਧ ਲਈ, ਵਧਦੀ ਮਹਿੰਗਾਈ ਤੇ ਮੁਨਾਫਾਖੋਰੀ ਵਿਰੁਧ, ਕਾਲ ਜਹੇ ਹਾਲਾਤ ਦਾ ਟਾਕਰਾ ਕਰਨ ਲਈ, ਲੋੜ ਰਾਹਤ ਦੀ ਲੋੜਵੰਦਾਂ ਵਿਚ ਠੀਕ ਵੰਡ ਲਈ, ਭਰਿਸ਼ਟਾਚਾਰ ਵਿਰੁਧ (ਕਿਤੇ ਭਰਿਸ਼ਟ ਨੌਕਰਸ਼ਾਹੀ ਲੋਕਾਂ ਦੀ ਮੁਸੀਬਤ ਤੋਂ ਆਪਣੀ ਧੰਨ ਇਕੱਠਾ ਕਰਨ ਦੀ ਵਧੀ ਹਵਸ ਹੀ ਨਾ ਪੂਰੀ ਕਰ ਲਵੇ), ਦੇਸ਼ ਦੀ ਏਕਤਾ, ਅਖੰਡਤਾ ਨੂੰ ਵਧ ਰਹੇ ਖਤਰੇ ਵਿਰੁਧ, ਪੰਜਾਬੀਆਂ ਦੀ ਏਕਤਾ ਦੀ ਰਾਖੀ ਲਈ, ਪੁਲਸ ਦੇ ਬੇਗੁਨਾਹ ਲੋਕਾਂ ਤੇ ਤਸ਼ੱਦਦ ਅਤੇ ਪ੍ਰਚਲਤ ਭਰਿਸ਼ਟਾਚਾਰ ਵਿਰੁਧ, ਪੰਜਾਬ ਕਿਸਾਨ ਸਭਾ ਅਤੇ ਪੰਜਾਬ ਖੇਤ-ਮਜ਼ਦੂਰ ਯੂਨੀਅਨ ਨੂੰ ਲੋਕ ਹਿਤਾਂ ਦੀ ਦੇਸ਼ ਦੀ ਏਕਤਾ ਅਖੰਡਤਾ ਦੀ ਰਾਖੀ ਲਈ ਅਗੇ ਹੋ ਕੇ ਪੂਰੀ ਸਰਗਰਮੀ ਨਾਲ ਲੋਕਾਂ ਨੂੰ ਲਾਮਬੰਦ ਕਰਨਾ ਹੋਵੇਗਾ ।



ਇਸਦੇ ਨਾਲ ਹੀ ਦੇਸ਼ ਦੀਆਂ ਖੱਬੀਆਂ ਤੇ ਧਰਮ-ਨਿਰਪੱਖ ਵਿਰੋਧੀ ਪਾਰਟੀਆਂ ਵਲੋਂ ਉਠੀ ਮੰਗ ਕਿ ਰਾਜੀਵ ਸਰਕਾਰ ਅਸਤੀਫਾ ਦੇਵੇ ਕਿਉਂਕਿ ਉਸ ਦੀਆਂ ਲੋਕ-ਵਿਰੋਧੀ ਦੇਸ਼ ਦੇ ਹਿੱਤਾਂ ਵਿਰੁਧ ਸੌੜੀਆਂ ਪੱਖਪਾਤੀ ਨੀਤੀਆਂ ਨੇ ਦੇਸ਼ ਵਿਚ ਫਿਰਕਾਪ੍ਰਸਤੀ, ਵੱਖਵਾਦ ਨੂੰ ਬੜ੍ਹਾਵਾ ਦੇ ਕੇ ਸਾਮਰਾਜ ਇਹਨਾਂ ਨੀਤੀਆਂ ਕਾਰਨ ਦੇਸ਼ ਡੂੰਘੇ ਸੰਕਟ ਵਿਚ ਫਸ ਗਿਆ ਹੈ, ਕਿਉਂਕਿ ਉਸਦਾ [illegible] ਨੀਤੀਆਂ ਅਤੇ [illegible] ਆਮ ਲੋਕਾਂ ਵਿਚ ਬਹੁਤ ਡੇਗ ਦਿਤਾ । ਅਤੇ



ਇਹ ਸਰਕਾਰ ਰਾਸ਼ਟਰੀ ਟੁੱਟ ਭੱਜ ਦੀ ਸਰਕਾਰ ਹੋ ਨਿਬੜੀ ਹੈ । ਕਿਸਾਨ ਸਭਾ ਤੇ ਖੇਤ ਮਜ਼ਦੂਰ ਯੂਨੀਅਨ ਉਤੇ ਜਿੰਮੇਂ-ਵਾਰੀ ਆਉਂਦੀ ਹੈ ਕਿ ਉਹ ਕਿਸਾਨ-ਖੇਤ ਮਜ਼ਦੂਰਾਂ ਨੂੰ ਉਹਨਾਂ ਦੇ ਹਿਤਾਂ ਦੀ ਰਾਖੀ, ਦੇਸ਼ ਦੀ ਏਕਤਾ, ਅਖੰਡਤਾ ਦੀ ਰਾਖੀ ਦੇ ਨਾਲ ਨਾਲ ਇਸ ਮੰਗ ਨੂੰ ਉਭਾਰਨ ਲਈ ਵੀ ਬਣਦਾ ਹਿਸਾ ਪਾਉਣ ।

ਆਓ ! ਆਪਣੀਆਂ ਜਥੇਬੰਦੀਆਂ ਦੇ ਘੇਰੇ ਨੂੰ ਹੋਰ ਹੋਰ ਵਿਸ਼ਾਲ ਬਣਾਈਏ । ਪਿੰਡ ਪਿੰਡ ਕਿਸਾਨ ਸਭਾ ਖੇਤ-ਮਜ਼ਦੂਰ ਯੂਨੀਅਨ ਦੀਆਂ ਇਕਾਈਆਂ ਕਾਇਮ ਕਰੀਏ । ਇਹਨਾਂ ਨੂੰ ਸਰਗਰਮ ਬਣਾਈਏ। ਲੱਖਾਂ ਗੈਰ-ਜਥੇਬੰਦ ਪੇਂਡੂ ਮਿਹਨਤਕਸ਼ਾਂ ਨੂੰ

(ਬਾਕੀ ਸਫਾ 20)


# WHEATON

## PONTIAC BUICK GMC LTD.

ਨਵੀਆਂ ਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜਿਮੀ ਲੈਣ ਲਈ ਆਪਣੇ ਜਾਣੇ ਪਛਾਣੇ ਸੇਲਜ਼ਮੈਨ ਨੂੰ ਮਿਲੋ

ਕੁਲਦੀਪ ਸਿੰਘ ਝੰਡ ਨੂੰ ਫੂਨ ਕਰੋ ਜਾਂ ਮਿਲੋ

Bus. 526-2781

Res. 524-4137

Pager 687-7711 #7610

325 - 12th St., New Westminster, B.C.



ਕੁਲਦੀਪ ਸਿੰਘ ਝੰਡ

## ਸੰਪਾਦਕੀ ਟਿੱਪਣੀਆਂ

# ਦੇਸ਼ ਦੇ ਕਿਰਤੀ ਕਿਸਾਨ ਤੇ ਪੰਜਾਬ

ਪੰਜਾਬ ਕਿਸਾਨ ਸਭਾ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵਲੋਂ ਸਰਬ ਭਾਰਤੀ ਕਿਸਾਨ ਸਭਾ ਅਤੇ ਸਰਬ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਅਗ-ਵਾਈ ਵਿਚ ਜਿਹੜਾ ਜੇਲ੍ਹ ਭਰੋ ਅੰਦੋਲਨ 7 ਸਤੰਬਰ ਤੋਂ ਸ਼ੁਰੂ ਕੀਤਾ ਗਿਆ ਸੀ ਉਹ ਖਤਮ ਹੋ ਗਿਆ ਹੈ । ਇਸ ਦਾ ਚਰਚਾ ਉਨਾ ਨਹੀਂ ਹੋਇਆ ਜਿੰਨਾ ਹੋਣਾ ਚਾਹੀਦਾ ਸੀ । ਕਾਰਨ ਇਹ ਕਿ ਜਿਹੜੇ ਵਾਲੰਟੀਅਰ ਗ੍ਰਿਫਤਾਰੀਆਂ ਦੇਣ ਲਈ ਆਏ ਉਨਾਂ ਨੂੰ ਗ੍ਰਿਫਤਾਰ ਹੀ ਨਹੀਂ ਕੀਤਾ ਗਿਆ । ਪੰਜ ਦਿਨਾਂ ਵਿਚ 35 ਹਜ਼ਾਰ ਤੋਂ ਵਧ ਕਿਸਾਨਾਂ ਅਤੇ ਮਜ਼ਦੂਰਾਂ ਦਾ ਜ਼ਿਲਾ ਹੈਡ ਕੁਆਰਟਰਾਂ ਵਿਚ ਗ੍ਰਿਫਤਾਰੀਆਂ ਲਈ ਤਿਆਰ-ਬਰ-ਤਿਆਰ ਹੋ ਕੇ ਆਉਣਾ ਆਪਣੇ ਆਪ ਵਿਚ ਮਹੱਤਵ-ਪੂਰਨ ਹੈ । ਜੇ ਸਰਕਾਰ ਵਲੋਂ ਗ੍ਰਿਫਤਾਰੀਆਂ ਨਾ ਕਰਨ ਦਾ ਫੈਸਲਾ ਇਕ ਪੈਂਤੜਾ ਹੈ ਤਾਂ ਕਿਸਾਨ ਮਜ਼ਦੂਰਾਂ ਦਾ ਅੰਦੋਲਨਕਾਰੀ ਹੋਣਾ ਵੀ ਇਕ ਪੈਂਤੜਾ ਹੀ ਹੈ । ਫਰਕ ਕੇਵਲ ਏਨਾ ਹੀ ਹੈ ਕਿ ਕਿਸਾਨ ਮਜ਼ਦੂਰਾਂ ਦਾ ਪੈਂਤੜਾ ਸਫਲ ਰਿਹਾ ਹੈ ਅਤੇ ਸਰ-ਕਾਰੀ ਪੈਂਤੜਾ ਅਸਫਲ । ਪੰਜਾਬ ਦੇ ਔੜ ਗ੍ਰਸਤ ਖੇਤਰਾਂ ਨੂੰ 500 ਕਰੋੜ ਰੁਪਏ ਦੀ ਔੜ ਸਹ ਇਤਾ ਮੰਗਣਾ, ਕੇਂਦਰ ਵਲੋਂ ਝੋਨੇ ਦੀ ਐਲਾਨੀਆ ਕੀਮਤ ਤੋਂ ਉਤੋਂ ਦੀ 30 ਰੁਪਏ ਪ੍ਰਤੀ ਕੁਇੰਟਲ ਬੋਨਸ ਦੀ ਮੰਗ ਅਤੇ ਬਿਜਲੀ ਪਾਣੀ ਤੋਂ ਰਹਿਤ ਖੇਤਾ ਲਈ ਹਜ਼ਾਰਾਂ ਰੁਪਏ ਪ੍ਰਤੀ ਏਕੜ ਮੁਆ-ਵਜ਼ੇ ਦਾ ਦਾਅਵਾ ਇਸ ਅੰਦੋਲਨ ਦੇ ਉਹ ਪ੍ਰਮੁਖ ਅੰਸ਼ ਹਨ ਜਿਹੜੇ ਕਿਰਤੀ ਕਿਸਾਨਾਂ ਦੀ ਨਿਤਾ ਪ੍ਰਤੀ ਜਿੰਦਗੀ ਵਿਚ ਬੜਾ ਵਡਾ ਸਹਾਰਾ ਬਣ ਕੇ ਆ ਸਕਦੇ ਹਨ । ਭੂਮੀ ਸੁਧਾਰਾਂ ਵਿਚ ਤਰੁਟੀਆਂ ਨੂੰ ਖਤਮ ਕਰਨਾ, ਵਾਧੂ ਜ਼ਮੀਨਾਂ ਕਿਰਤੀ, ਕਿਸਾਨਾਂ ਨੂੰ ਦੇਣੀਆਂ, ਵਾਹੀਕਾਰਾਂ ਨੂੰ ਮਾਲਕੀ ਦੇ ਹਕਾਂ ਦੀ ਪੌੜਤਾ, ਆਮ ਕੀਮਤਾਂ ਦੇ ਵਾਧੇ ਨਾਲ ਦਿਹਾੜੀਦਾਰਾਂ ਦੀ ਦਿਹਾੜੀ ਵਿਚ ਵਾਧਾ ਆਦਿ ਹੋਰ ਵੀ ਅਜਿਹੀਆਂ ਮੰਗਾਂ ਹਨ ਜਿਹਨਾਂ ਦਾ ਅਜ ਨਹੀਂ ਕਲ ਕਿਰਤੀ ਕਿਸਾਨ ਵਸੋਂ ਉਤੇ ਅਸਰ ਹੋਣਾ ਜਰੂਰੀ ਹੈ । ਭਾਰਤ ਵਿਚ ਇਹ ਵਸੋਂ ਭਾਰਤ ਦੀ ਕੁਲ ਵਸੋਂ ਦਾ 80 ਫੀਸਦੀ ਹੈ । ਗ੍ਰਿਫ-ਤਾਰ ਕੀਤੇ ਜਾਨ ਜਾਂ ਨਾ ਕੀਤੇ ਜਾਣ ਦਾ ਕਿਸਾਨ ਮਜ਼ਦੂਰਾਂ ਦੇ ਉਸ ਉਤਸ਼ਾਹ ਨੂੰ ਕੋਈ ਧਕਾ ਨਹੀਂ ਲਗਦਾ ਜਿਸ ਨਾਲ ਉਹ ਸਜ-ਧੱਜ ਕੇ ਇਸ ਅਮਲ ਵਾਸਤੇ ਮੈਦਾਨ ਵਿਚ ਆਏ ਸਨ । ਜ਼ਦੋਂ ਤਕ ਉਹਨਾਂ ਦੀਆਂ ਮੰਗਾਂ ਵਿਚ ਜਾਨ ਹੈ ਕਿਸਾਨ ਅੰਦੋਲਨ ਸਫਲ ਹੈ ।

(ਸੰਪਾਦਕੀ ਪੰਜਾਬੀ ਟ੍ਰਿਬਿਊਨ ਵਿਚੋਂ)

ਸਫ਼ਾ ੨੦ ਦੀ ਬਾਕੀ

ਪਾਰਟੀ ਵਿਚ ਸ਼ਾਮਲ ਹੋ ਗਏ । ਆਪ ਰਾਜਸੀ ਜਾਗਰਤੀ ਪੈਦਾ ਕਰਨ ਦੇ ਨਾਲ ਨਾਲ ਸਮਾਜੀ ਅਤੇ ਆਰਥਿਕ ਬੰਦ ਖਲਾਸੀ ਲਈ ਜੂਝਣ ਦਾ ਸੰਦੇਸ਼ ਦੇਣ ਲੱਗੇ । ਅਖੀਰ ਅਜ਼ਾਦੀ ਸੰਗਰਾਮ ਦੀ 30 ਵਰ੍ਹਿਆਂ ਦੀ ਸਖਤ ਕੈਦ ਗੁਪਤਵਾਸ ਪੁਲਸ ਦੇ ਜਬਰਾਂ ਸਦਕਾ ਸਿਹਤ ਵਿਚ ਲਗਾਤਾਰ ਗਿਰਾਵਟ ਕਾਰਨ ਆਪ ਤਪ-ਦਿਕ ਦੇ ਸ਼ਿਕਾਰ ਹੋ ਗਏ ਤੇ ਅੰਤ ਹਿੰਦੂ ਸਿੱਖ ਏਕਤਾ ਅਤੇ ਇਨਕਲਾਬੀ ਸੰਦੇਸ਼ ਦਿੰਦੇ ਹੋਏ 18 ਸਤੰਬਰ 1944 ਨੂੰ ਸਦੀਵੀ ਵਿਛੋੜਾ ਦੇ ਗਏ ।

# "ਮੈਂ ਇੱਕ ਗੀਤ ਲਿਖਣਾ ਹੈ"

*ਅੰਮਰਦੀਪ ਗਿੱਲ*

ਮੈਂ ਇੱਕ ਗੀਤ ਲਿਖਣਾ ਹੈ
ਮਹਿਕ ਵਿਛੁਨੀਆਂ ਬਹਾਰਾਂ ਦਾ,
ਇੰਨਾ ਸੁੰਨਸਾਨ ਬਜ਼ਾਰਾਂ ਦਾ,
ਜ਼ਖਮੀ ਕੂੰਜਾਂ ਦੀਆਂ ਡਾਰਾਂ ਦਾ,
ਮੈਂ ਇਕ ਗੀਤ ਲਿਖਣਾ ਹੈ ।
ਜੋ ਦਰਦ ਸੁਣਾਵੇ ਸ਼ਹਿਰ ਦਾ
ਜੋ ਹਾਲ ਕਰੇ ਹਰ ਪਹਿਰ ਦਾ,
ਜੋ ਅਸਰ ਉਤਾਰੇ ਜਹਿਰ ਦਾ,
ਮੈਂ ਇਕ ਗੀਤ ਲਿਖਣਾ ਹੈ ।
ਜਿਸ ਦੇ ਬੋਲ ਗੂੰਜਣ ਹਵਾਵਾਂ 'ਚ
ਜੋ ਘੁਲ ਜਾਵੇ ਸਾਹਾਂ 'ਚ
ਜੋ ਖਿੰਡ ਜਾਵੇ ਰਾਹਾਂ 'ਚ
ਮੈਂ ਇੱਕ ਗੀਤ ਲਿਖਣਾ ਹੈ
ਜੋ ਫਿਰਕੂ ਅੱਗ ਨੂੰ ਠਾਰ ਦੇਵੇ
ਜੋ ਮਾਸੂਮਾਂ ਲਈ ਜਾਨ ਵਾਰ ਦੇਵੇ
ਜੋ ਜਨੂੰਨੀ ਸ਼ੈਤਾਨ ਨੂੰ ਹਾਰ ਦੇਵੇ
ਮੈਂ ਇਕ ਗੀਤ ਲਿਖਣਾ ਹੈ ।
ਜੋ ਫਿਰਕੂ ਅੱਗ ਨੂੰ ਠਾਰ ਦੇਵੇ
ਜੋ ਮਾਸੂਮਾਂ ਲਈ ਜਾਨ ਵਾਰ ਦੇਵੇ
ਜੋ ਜਨੂੰਨੀ ਸ਼ੈਤਾਨ ਨੂੰ ਹਾਰ ਦੇਵੇ
ਮੈਂ ਇੱਕ ਗੀਤ ਲਿਖਣਾ ਹੈ ।
ਜੋ ਕਹਾਣੀ ਕਰੇ ਲਾਲ ਫਰੇਰੇ ਦੀ
ਜੋ ਗੱਲ ਸੁਣਾਵੇ ਸੁਰਖ ਸਵੇਰੇ ਦੀ
ਜੋ ਮੌਤ ਬਣੇ ਫੈਲੇ ਹਨ੍ਹੇਰੇ ਦੀ
ਮੈਂ ਇਕ ਗੀਤ ਲਿਖਣਾ ਹੈ


**Goyal Travels Inc.**

4152 FRASER ST., VANCOUVER B.C. V5V 4E8 (604) 877-7777



IATA

ਵੈਨਕੂਵਰ ਦਫਤਰ ਦਾ
ਨਵਾਂ ਫੋਨ ਨੰਬਰ
(604) 877-7777

*WE ARE PLEASED TO ANNOUNCE THE OPENING OF OUR THREE NEW OFFICES*

**Goyal Travel & Tours Canada Inc.**

| CALGARY ਕੈਲਗਰੀ | ਐਡਮਿੰਟਨ EDMONTON | ਟਰਾਂਟੋ - TORONTO |
|---|---|---|
| UNIT 1-5320-8th. AVE., S.E. CALGARY, ALBERTA, T2A 4L7 | 9344-34th. AVE., STRATHCONA SQUARE, EDMONTON, ALTA. T6E 5X8 | SUITE 211, 593 YONGE ST. TORONTO, ONT. M4Y 1Z4 |
| PH. (403) 235-6808 | PH. (403) 462-2424 | PH. (416) 960-3666 |

TOLL FREE IN B.C., ALBERTA, SASKATECHEWAN AND MANITOBA 1-800-663-8638

# ਕਾਲੇ ਖਾਣ–ਮਜ਼ਦੂਰਾਂ ਵੱਲੋਂ ਇਤਿਹਾਸਕ ਹੜਤਾਲ

ਦੱਖਣੀ ਅਫਰੀਕਾ ਦੇ ਕਾਲੇ ਖਾਣ-ਮਜ਼ਦੂਰਾਂ ਨੇ ਇਕ ਡਰਾਮਾਮਈ ਅਸਰ ਹੇਠ ਦਿਖਾ ਦਿਤਾ ਹੈ ਕਿ ਮਜ਼ਦੂਰ ਜਮਾਤ ਇਕ ਫੈਸਲਾਕੁੰਨ ਰੋਲ ਅਦਾ ਕਰ ਸਕਦੀ ਹੈ। ਤਿੰਨ ਹਫਤਿਆਂ ਦੀ ਇਤਿਹਾਸਕ ਹੜਤਾਲ ਦੌਰਾਨ ਤਕਰੀਬਨ 340,000 ਖਾਣ-ਮਜ਼ਦੂਰਾਂ ਨੇ ਸੋਨੇ ਅਤੇ ਕੋਲੇ ਦੀਆਂ ਖਾਣਾਂ ਵਿਚ ਕੰਮ ਪੂਰੀ ਤਰਾਂ ਠੱਪ ਕਰ ਦਿਤਾ, ਤੇ ਇਸ ਤਰਾਂ ਨਸਲਵਾਦੀ ਹਕੂਮਤ ਦੀ ਲੁੱਟ-ਘਸੁੱਟ ਵਾਲੀ ਆਰਥਿਕਤਾ ਤੇ ਕਰਾਰੀ ਚੋਟ ਲਗਾਈ। ਇਸ ਹੜਤਾਲ ਨੇ ਨਸਲਵਾਦੀ ਸਨਅਤੀ ਇਜਾਰੇਦਾਰਾਂ ਦਾ ਜੀਵਨ-ਖੂਨ ਪੂਰੀ ਤਰਾਂ ਨਿਚੋੜ ਸੁਟਿਆ। ਇਹ ਅਨੁਮਾਨ ਲਗਾਇਆ ਗਿਆ ਕਿ ਐਂਗਲੋ ਅਮੇਰੀਕਨ ਕਾਰਪੋ-ਰੇਸ਼ਨ, ਜਿਹੜੀ ਕਿ ਖਾਣਾਂ ਦੀ ਸਭ ਤੋਂ ਵੱਡੀ ਕਾਰਪੋਰੇਸ਼ਨ ਹੈ, ਨੂੰ ਇਸ ਹੜਤਾਲ ਕਾਰਨ ਅੱਸੀ ਲੱਖ ਡਾਲਰ ਦਾ ਨੁਕਸਾਨ ਹੋ ਰਿਹਾ ਸੀ।

ਨੈਸ਼ਨਲ ਯੂਨੀਅਨ ਆਫ ਮਾਈਨ ਵਰਕਰਜ਼ (ਐਨ.ਯੂ.ਐਮ.) ਅਧੀਨ ਜਥੇਬੰਦ ਮਜ਼ਦੂਰ ਉਜਰਤਾਂ ਵਿਚ 30 ਪ੍ਰਤੀਸ਼ਤ ਦੇ ਵਾਧੇ ਦੀ ਮੰਗ ਕਰ ਰਹੇ ਸਨ। ਨਸਲਵਾਦੀ ਹਕੂਮਤ ਅਧੀਨ ਕਾਲੇ ਖਾਣ-ਮਜ਼ਦੂਰ ਨੂੰ ਇਕ ਗੋਰੇ ਖਾਣ ਮਜ਼ਦੂਰ ਨੂੰ ਮਿਲਦੀ ਉਜਰਤ ਦਾ ਸਿਰਫ ਤੀਸਰਾ ਹਿਸਾ ਹੀ ਮਿਲਦਾ ਹੈ।

ਇਹ ਹੜਤਾਲ ਜਿਹੜੀ ਕਿ ਦੱਖਣੀ ਅਫਰੀਕਾ ਦੇ ਇਤਿਹਾਸ ਵਿਚ ਮਜ਼ਦੂਰ ਜਮਾਤ ਦਾ ਵਿਸ਼ਾਲ ਪੱਧਰ ਦਾ ਅਤੇ ਲੰਬਾ ਸੰਘਰਸ਼ ਸੀ, ਐਨ.ਯੂ.ਐਮ. ਵਲੋਂ ਪੂਰੇ ਹੌਂਸਲੇ ਨਾਲ ਚਲਾਇਆ ਗਿਆ। ਹੜਤਾਲ ਤੋੜਨ ਦੇ ਘਿਨਾਉਣੇ ਦਾਅਪੇਚਾਂ ਅਤੇ ਵਹਿਸ਼ੀ ਤਸ਼ੱਦਦ ਦੇ ਬਾਵਜੂਦ ਖਾਣ-ਮਜ਼ਦੂਰਾਂ ਨੇ ਇਸ ਸੰਘਰਸ਼ ਵਿਚ ਵਧ ਚੜ੍ਹਕੇ ਹਿੱਸਾ ਲਿਆ। ਪੁਲਿਸ ਦੀਆਂ ਗੋਲੀਆਂ ਨਾਲ ਅਤੇ ਕੰਪਨੀ ਦੇ ਗੁੰਡਿਆਂ ਹਥੋਂ ਛੇ ਮਜ਼ਦੂਰ ਮਾਰੇ ਗਏ। ਸੈਂਕੜਿਆਂ ਦੀ ਗਿਣਤੀ ਵਿਚ ਮਜ਼ਦੂਰ ਜ਼ਖਮੀ ਹੋ ਗਏ। ਹਜ਼ਾਰਾਂ ਦੀ ਗਿਣਤੀ ਵਿਚ ਮਜ਼ਦੂਰਾਂ ਨੂੰ ਨੌਕਰੀਆਂ ਤੋਂ ਕੱਢ ਦਿਤਾ ਗਿਆ। ਹੜਤਾਲ ਦੇ ਤੀਸਰੇ ਹਫਤੇ ਤਕ ਨੌਕਰੀਉਂ ਕਢੇ ਗਏ ਮਜ਼ਦੂਰਾਂ ਦੀ ਗਿਣਤੀ ਚਾਲੀ ਹਜ਼ਾਰ ਤੱਕ ਹੋ ਗਈ ਸੀ। ਹੜਤਾਲੀ ਮਜ਼ਦੂਰਾਂ ਅਤੇ ਉਨਾਂ ਦੇ ਪ੍ਰਵਾਰਾਂ ਨੂੰ ਉਨਾਂ ਦੇ ਘਰੋਂ ਬੇਦਖਲ ਕਰ ਦਿਤਾ। ਫਿਰ ਵੀ ਸੰਘਰਸ਼ ਪੂਰੀ ਦ੍ਰਿੜਤਾ ਨਾਲ ਜਾਰੀ ਰਿਹਾ।

ਖਾਣ-ਮਜ਼ਦੂਰਾਂ ਦੀ ਹੜਤਾਲ ਦਾ ਖਾੜਕੂ ਅਤੇ ਬਹਾਦਰਾਨਾ ਹੋਣਾ ਇਕ ਹੋਰ ਭਰਪੂਰ ਸੰਕੇਤ ਹੈ ਜਿਸ ਤੋਂ ਮਜ਼ਦੂਰ ਜਮਾਤ ਦੀ ਤੇਜ਼ੀ ਨਾਲ ਪਰਪੱਕਤਾ ਦਾ ਪਤਾ ਚਲਦਾ ਹੈ ਜਿਹੜੀ ਕਿ ਨਸਲਵਾਦ ਅਧੀਨ ਸੁਪਰ-ਸਰਮਾਏਦਾਰੀ ਲੁੱਟ-ਘਸੁੱਟ ਦੇ ਕੇਂਦਰੀ ਪੜਾਅ ਤੇ ਪਹੁੰਚੀ ਹੋਈ ਹੈ। 1979 ਵਿਚ ਤਿਖੇ ਸੰਘਰਸ਼ਾਂ ਪਿਛੋਂ ਕਾਲੇ ਮਜ਼ਦੂਰਾਂ ਵਲੋਂ ਯੂਨੀਅਨਾਂ ਬਣਾ-ਉਣ ਦਾ ਅਧਿਕਾਰ ਪ੍ਰਾਪਤ ਕਰਨ ਪਿਛੋਂ ਟਰੇਡ ਯੂਨੀਅਨ ਲਹਿਰ ਨੇ ਭਾਰੀ ਪੇਸ਼-ਕਦਮੀਆਂ ਕੀਤੀਆਂ ਹਨ। ਕਾਂਗਰਸ ਆਫ ਸਾਊਥ ਅਫਰੀਕਨ ਟਰੇਡ ਯੂਨੀਅਨਜ਼ (ਸੀ.ਓ.ਐਸ. ਏ. ਟੀ. ਯੂ.) ਜਿਸ ਦੇ 600,000 ਤੋਂ ਵੱਧ ਮੈਂਬਰ ਹਨ, ਦੇ ਬਣਨ ਨਾਲ ਮਜ਼ਦੂਰਾਂ ਦੀ ਰਾਜਨੀਤਕ ਚੇਤੰਨਤਾ ਦੇ ਵਿਕਾਸ ਵਿਚ ਮਦਦ ਮਿਲੀ ਹੈ। ਸੀ.ਓ.ਐਸ.ਏ.ਟੀ.ਯੂ. ਵਿਚ ਸ਼ਾਮਲ ਯੂਨੀਅਨਾਂ ਵਿਚੋਂ ਐਨ.ਯੂ.ਐਮ. ਸਭ ਤੋਂ ਵਡੀ ਯੂਨੀਅਨ ਹੈ। ਸੀ.ਓ.ਐਸ.ਏ.ਟੀ.ਯੂ. ਨੇ ਆਪਣੀ ਪਿਛੇ ਜਿਹੇ ਹੋਈ ਕਨ-ਵੈਨਸ਼ਨ ਵਿਚ ਅਫਰੀਕਨ ਨੈਸ਼ਨਲ ਕਾਂਗ-ਰਸ ਦਾ ਫਰੀਡਮ ਚਾਰਟਰ ਅਪਣਾਇਆ ਸੀ। ਦਿਨੋ ਦਿਨ ਮਜ਼ਦੂਰ ਜਮਾਤ ਦੇ ਮੰਗਾਂ ਲਈ ਸੰਘਰਸ਼ ਅਤੇ ਰੋਸ ਸੰਘਰਸ਼ ਨਸਲਵਾਦ ਅਤੇ ਸਾਮਰਾਜੀ ਸਰਮਾਏਦਾਰੀ ਲੁੱਟ-ਘਸੁੱਟ ਤੋਂ ਮੁਕਤੀ ਲਈ ਸਮੁਚੇ ਸੰਘਰਸ਼ ਦੇ ਹੋਰ ਜਿਆਦਾ ਅਟੁੱਟ ਅੰਗ ਬਣਦੇ ਜਾ ਰਹੇ ਹਨ। ਜਿਵੇਂ ਕਿ ਐਨ.ਯੂ.ਐਮ. ਦੇ 35 ਸਾਲਾ ਜਨਰਲ ਸਕੱਤਰ ਸਾਈਰਿਲ ਰਾਮਾਫੋਸਾ ਨੇ ਐਲਾਨ ਕੀਤਾ: 'ਖਾਣਾਂ ਵਿਚ ਜਿਹੜਾ ਸੰਘਰਸ਼ ਅਸੀਂ ਲੜ ਰਹੇ ਹਾਂ ਉਹ ਸਾਡੇ ਅੰਤਮ ਨਿਸ਼ਾਨੇ ਮੁਕਤੀ ਲਈ ਸਾਡੇ ਲੋਕਾਂ ਦੀ ਟਰੇਨਿੰਗ ਦਾ ਅਧਾਰ ਹੈ।'

30 ਅਗਸਤ ਨੂੰ ਐਨ. ਯੂ. ਐਮ. ਅਤੇ ਖਾਣ ਮਾਲਕਾਂ ਵਿਚਕਾਰ ਸਮਝੌਤੇ ਪਿਛੋਂ ਹੜਤਾਲ ਵਾਪਿਸ ਲੈ ਲਈ ਗਈ। ਖਾਣ-ਮਜ਼ਦੂਰਾਂ ਦੀ ਹੜਤਾਲ ਤੋੜਨ ਵਿਚ ਅਸਫਲ ਰਹਿਣ ਪਿਛੋਂ ਖਾਣ ਮਾਲਕਾਂ ਨੂੰ ਮਜ਼ਦੂਰਾਂ ਨਾਲ ਗਲਬਾਤ ਕਰਨ ਅਤੇ ਉਨਾਂ ਨਾਲ ਕਿਸੇ ਸਮਝੌਤੇ ਤੇ ਪਹੁੰਚਣ ਲਈ ਮਜਬੂਰ ਹੋਣਾ ਪਿਆ। ਐਨ.ਯੂ.ਐਮ. ਲੀਡਰਸ਼ਿਪ ਸ਼ੁਰੂ ਤੋਂ ਹੀ ਇਸ ਬਾਰੇ ਪੂਰੀ ਤਰਾਂ ਸਪਸ਼ਟ ਸੀ ਕਿ ਭਾਵੇਂ ਹੜ-ਤਾਲ ਸਾਰੀਆਂ ਮੰਗਾਂ ਜਿੱਤਣ ਵਿਚ ਸਫਲ ਰਹੇ, ਇਹ ਹੜਤਾਲ ਦੱਖਣੀ ਅਫਰੀਕਾ ਵਿਚ ਮਜ਼ਦੂਰ ਜਮਾਤ ਲਹਿਰ ਵਿਚ ਇਤਿਹਾਸਕ ਮੋੜ ਵਾਲੀ ਸਿੱਧ ਹੋਵੇਗੀ। ਜਿਵੇਂ ਕਿ ਰਾਮਾਫੋਸਾ ਨੇ ਕਿਹਾ, 'ਜੇ ਅਸੀਂ ਹਾਰ ਵੀ ਗਏ ਤਾਂ ਅਸੀਂ ਇਕ ਗਲ ਸਿੱਧ ਕਰ ਦੇਵਾਂਗੇ' ਇਹ ਗਲ ਕਿ ਕਾਲੇ ਮਜ਼ਦੂਰ ਇਕ ਨਸਲਵਾਦੀ ਰਾਜ ਵਿਚ ਗੁਲਾਮ ਮਜ਼ਦੂਰਾਂ ਵਜੋਂ ਆਪਣੇ ਨਾਲ ਵਤੀਰਾ ਕਰਵਾਉਣ ਲਈ ਤਿਆਰ ਨਹੀਂ।


## ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

**BOMBAY SWEETS MANUFACTURER INC.**

6556—6560 MAIN (at 49th Ave.)

VANCOUVER, B.C. V5X 3G9

Tel. (604) 321-1414

Or 874-5722

CONTACT:

**NARESH SHUKLA & BROS.**

$2.50 / ਪੌਂਡ ਵਾਲੀਆਂ ਜਲੇਬੀਆਂ $1.00

$2.50 / ਪੌਂਡ ਵਾਲੇ ਲੱਡੂ $1.75

# ਅਫਗਾਨਿਸਤਾਨ

ਇਨਕਲਾਬ ਤੋਂ ਪਿਛੋਂ ਅਫਗਾਨਿਸਤਾਨ ਲਗਾਤਾਰ ਉਨਤੀ ਤੇ ਪ੍ਰਗਤੀ ਦੇ ਰਾਹ ਤੇ ਅੱਗੇ ਵਧ ਰਿਹਾ ਹੈ ਅਤੇ ਆਪਣੇ ਵਿਰੋਧੀਆਂ ਦੀਆਂ ਹਰ ਤਰ੍ਹਾਂ ਦੀਆਂ ਸਾਜ਼ਿਸ਼ਾਂ ਨੂੰ ਮਿੱਟੀ ਵਿਚ ਮਿਲਾ ਰਿਹਾ ਹੈ।

ਬੀਤੇ ਕੁਝ ਸਾਲਾਂ ਵਿਚ ਅਫਗਾਨਿਸਤਾਨ ਦੇ ਅੰਦਰਲੇ ਰਾਜਨੀਤਕ ਜੀਵਨ ਦੀ ਕਿਸੇ ਵੀ ਹੋਰ ਘਟਨਾ ਬਾਰੇ ਏਨੀਂ ਬਹੁਤੀ ਦਿਲਚਸਪੀ ਨਾਲ ਵਿਚਾਰ-ਵਟਾਂਦਰਾ ਨਹੀਂ ਹੋਇਆ ਜਿੰਨੀ ਨਾਲ ਪਿਛੇ ਜਿਹੇ ਪਰਕਾਸ਼ਿਤ ਕੀਤੇ ਗਏ ਨਵੇਂ ਸੰਵਿਧਾਨ ਦੇ ਖਰੜੇ ਬਾਰੇ ਹੋਇਆ ਹੈ। ਅਫਗਾਨਿਸਤਾਨ ਦੇ ਸੰਵਿਧਾਨ ਦਾ ਖਰੜਾ ਤਿਆਰ ਕਰਨ ਵਾਲੇ ਕਮਿਸ਼ਨ ਦੀ ਕਾਰਜਸਾਧਕ ਕਮੇਟੀ ਦੇ ਮੈਂਬਰ, ਡਾ: ਅਬਦੁਲ ਵਾਹਿਡ ਸਾਰਾਬੀ ਦਾ ਕਹਿਣਾ ਹੈ ਕਿ ਕੇਵਲ 27 ਜੁਲਾਈ ਨੂੰ ਹੀ 20,000 ਲੋਕਾਂ ਨੇ ਕਾਬੁਲ ਵਿਖੇ ਇਸ ਖਰੜੇ ਬਾਰੇ ਹੋਏ ਵਿਚਾਰ ਵਟਾਂਦਰੇ ਵਿਚ ਹਿੱਸਾ ਲਿਆ। ਅਜਿਹੇ ਵਿਚਾਰ-ਵਟਾਂਦਰੇ ਫੈਕਟਰੀਆਂ ਵਿਖੇ, ਕਿਸਾਨਾਂ ਦੀਆਂ ਸਹਿਕਾਰੀ ਸਭਾਵਾਂ ਵਿਖੇ, ਮਜ਼ਹਬੀ ਵਿਅਕਤੀਆਂ ਵਿਚ, ਬੁਧੀਮਾਨਾਂ ਵਿਚ ਅਤੇ ਕੌਮੀ ਬੁਰਜੂਆਜ਼ੀ ਵਿਚ ਹੋ ਰਹੇ ਹਨ। ਇਸਤਰੀਆਂ ਅਤੇ ਨੌਜਵਾਨ ਉਹਨਾਂ ਵਿਚ ਸਰਗਰਮੀ ਨਾਲ ਹਿੱਸਾ ਲੈਂਦੇ ਹਨ।

ਵਿਚਾਰ ਅਤੇ ਸੁਝਾਅ ਕੇਵਲ ਇਕੱਤਰਤਾਵਾਂ ਵਿਖੇ ਹੀ ਪੈਦਾ ਕੀਤੇ ਜਾਂਦੇ ਨੇ। ਅਫਗਾਨ ਲੋਕ ਅਖਬਾਰਾਂ, ਰੇਡੀਓ ਅਤੇ ਟੈਲੀਵਿਜ਼ਨ ਨੂੰ ਆਪਣੀਆਂ ਟਿਪਣੀਆਂ ਅਤੇ ਇੱਛਾਵਾਂ ਵਾਲੀਆਂ ਚਿੱਠੀਆਂ ਲਿਖਦੇ ਹਨ। ਸੰਵਿਧਾਨ ਦਾ ਖਰੜਾ ਤਿਆਰ ਕਰਨ ਵਾਲੇ ਕਮਿਸ਼ਨ ਨੇ ਜਨ-ਸੂਚਨਾ ਸਾਧਨਾਂ ਰਾਹੀਂ ਆਪਣੇ ਪੋਸਟ ਬਾਕਸ ਦਾ ਨੰਬਰ, 1111 ਆਮ ਲੋਕਾਂ ਦੀ ਜਾਣਕਾਰੀ ਵਿਚ ਲਿਆਂਦਾ ਅਤੇ ਉਹਨਾਂ ਨੂੰ ਕਿਹਾ ਕਿ ਉਹ ਆਪਣੀਆਂ ਇੱਛਾਵਾਂ ਪ੍ਰਗਟ ਕਰਨ।

ਅਫਗਾਨ ਲੋਕ ਨਵੇਂ ਸੰਵਿਧਾਨ ਨਾਲ ਚੰਗੇਰੇ ਪਾਸੇ ਵੱਲ ਤਬਦੀਲੀਆਂ ਦੀਆਂ ਆਪਣੀਆਂ ਆਸਾਂ ਜੋੜਦੇ ਹਨ। ਸੰਵਿਧਾਨ ਦਾ ਖਰੜਾ ਕੌਮੀ ਮੰਨ ਮਨੌਤੀ ਦੀ ਪਰਾਪਤੀ ਦੇਵਿਚਾਰ ਨਾਲ ਰੰਗਿਆ ਹੋਇਆ ਹੈ ਅਤੇ ਇਹਦੇ ਲਈ ਸੁਖਾਵਾਂ ਆਧਾਰ ਤਿਆਰ ਕਰਦਾ ਹੈ। ਸੰਵਿਧਾਨ ਦੇ ਖਰੜੇ ਅਨੁਸਾਰ ਅਫਗਾਨ ਸਮਾਜ ਵਿਚਲੀ ਕੋਈ ਵੀ ਰਾਜਨੀਤਕ ਸ਼ਕਤੀ ਆਪਣੀ ਪਾਰਟੀ ਬਣਾ ਸਕਦੀ ਹੈ ਅਤੇ ਆਪਣਾ ਅਖਬਾਰ-ਰਸਾਲਾ ਕੱਢ ਸਕਦੀ ਹੈ। ਸੰਵਿਧਾਨ ਦੀਆਂ ਅਨੇਕ ਧਾਰਾਵਾਂ ਮਜ਼ਹਬੀ ਲੋਕਾਂ ਅਤੇ ਮਜ਼ਹਬੀ ਆਗੂਆਂ ਦੇ ਹਿੱਤਾਂ ਦੀ ਜ਼ਾਮਨੀ ਕਰਦੀਆਂ ਹਨ। ਨਵਾਂ ਸੰਵਿਧਾਨ ਅਫਗਾਨ ਸਮਾਜ ਦੀਆਂ ਵਿਸ਼ਿਸ਼ਤਾਵਾਂ ਦੀ ਸਭ ਤੋਂ ਵਧੀਆਂ ਢੰਗ ਨਾਲ ਪੂਰਤੀ ਕਰਨ ਵਾਲੇ ਰੂਪ ਵਜੋਂ ਸਰਕਾਰ ਦਾ ਪ੍ਰਧਾਨਗੀ ਰੂਪ ਚਿਤਵਦਾ ਹੈ।

ਨਵੇਂ ਸੰਵਿਧਾਨ ਦੇ ਖਰੜੇ ਦੇ ਅਨੇਕ ਵਿਚਾਰ ਜੀਵਨ ਪਹਿਲਾਂ ਹੀ ਸਾਕਾਰ ਕੀਤੇ ਜਾ ਰਹੇ ਹਨ। ਇਹ ਗੱਲ ਸਭ ਤੋਂ ਪਹਿਲਾਂ ਮਿਲੀ-ਜੁਲੀ ਸਰਕਾਰ ਦੇ ਵਿਚਾਰ ਉਤੇ ਲਾਗੂ ਹੁੰਦੀ ਹੈ ਜੋ ਦੇਸ਼ ਦੇ ਅਨੇਕ ਇਲਾਕਿਆਂ ਅਤੇ ਸੂਬਿਆਂ ਵਿਚਲੀਆਂ ਅਸਲ ਘਟਨਾਵਾਂ ਵਿਚੋਂ ਪੈਦਾ ਹੋਇਆ ਹੈ। ਪਿੰਡ-ਜ਼ਿਲਾ ਖੇਤਰ ਸੂਬਾ-ਲੀਹਾਂ ਉਤੇ ਅਫਗਾਨਿਸਤਾਨ ਵਿਚ ਵਿਕਸਿਤ ਹੋ ਰਹੀ ਮਿਲੀ-ਜੁਲੀ ਹਕੂਮਤ ਦੀਆਂ ਕਾਫੀ ਉਦਾਹਰਣਾ ਮੌਜੂਦ ਹਨ।

ਇਹਦੇ ਨਾਲ ਹੀ "ਪਿਸ਼ਾਵਰ-ਆਧਾਰਤ ਵਿਰੋਧੀ ਪੱਖ" ਵਲੋਂ, ਭਾਵ ਪਾਕਿਸਤਾਨ ਵਿਚ ਜੰਮੇ ਬੈਠੇ ਉਲਟ-ਇਨਕਲਾਬੀ ਪਾਰਟੀਆਂ ਦੇ ਆਗੂਆਂ ਵਲੋਂ ਮੰਨ ਮਨੌਤੀ ਦੇ ਅਮਲ ਨੂੰ ਰੁੰਸ ਕਰਨ ਲਈ ਬੜੇ ਅੜੀਅਲ ਢੰਗ ਨਾਲ ਜਤਨ ਕੀਤੇ ਜਾ ਰਹੇ ਹਨ ਅਤੇ ਗੱਲਬਾਤ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਅਤੇ ਸੰਵਿਧਾਨ ਦੇ ਖਰੜੇ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਅਫਗਾਨਿਸਤਾਨ ਵਿਚਲੀਆਂ ਵਿਸ਼ਾਲ ਜਮਹੂਰੀ ਤਬਦੀਲੀਆਂ ਲਈ ਉਹਨਾਂ ਦਾ ਇਕੋ-ਇਕ ਜਵਾਬ ਦਹਿਸ਼ਤ ਹੈ ਜੀਹਨੇ ਪਿਛੇ ਜਿਹੇ ਤੋਂ ਖਾਸ ਕਰਕੇ ਵੱਡਾ ਆਕਾਰ ਧਾਰਨ ਕਰ ਲਿਆ ਹੈ। ਇਸ ਪਰਕਾਰ ਮੰਨ ਮਨੌਤੀ ਦੇ ਵਿਰੋਧੀ ਆਪਣੇ ਆਪ ਨੂੰ ਅਫਗਾਨ ਲੋਕਾਂ ਲਈ ਓਪਰੇ ਹਿੱਤਾਂ ਦੀ ਰਾਖੀ ਕਰਨ ਵਾਲੇ ਭਾੜੇ ਦੇ ਟੱਟੂਆਂ ਵਜੋਂ ਪੂਰੀ ਤਰਾਂ ਨੰਗੇ ਕਰ ਰਹੇ ਹਨ।

ਇਸ ਤੱਥ ਨੇ ਅਫਗਾਨਿਸਤਾਨ ਵਿਚ ਕਿਸੇ ਨੂੰ ਵੀ ਹੈਰਾਨ ਨਹੀਂ ਕੀਤਾ ਕਿ "ਪਿਸ਼ਾਵਰ ਅਧਾਰਤ ਵਿਰੋਧੀ ਪੱਖ" ਦੇ ਆਗੂਆਂ ਨੇ ਖੂਨ-ਖਰਾਬਾ ਜਾਰੀ ਰੱਖਣ ਤੋਂ ਇਲਾਵਾ ਅਫਗਾਨਿਸਤਾਨ ਦੀ ਲੋਕ ਜਮਹੂਰੀ ਪਾਰਟੀ ਦੀ ਨੀਤੀ ਦਾ ਹੋਰ ਕੋਈ ਬਦਲ ਨਹੀਂ ਸੁਝਾਇਆ। ਇਹ ਗੱਲ ਆਮ ਜਾਣੀ ਜਾਂਦੀ ਹੈ ਕਿ ਕੇਵਲ ਇਸ ਸਾਲ ਹੀ ਇਹਨਾਂ ਆਗੂਆਂ ਨੇ ਅਫਗਾਨਿਸਤਾਨ ਵਿਰੁੱਧ ਜੰਗ ਲਈ ਅਮਰੀਕਾ ਤੋਂ 63 ਕਰੋੜ ਡਾਲਰ ਤੋਂ ਵੱਧ ਦੀ ਰਕਮ ਪਰਾਪਤ ਕੀਤੀ ਅਤੇ ਭਵਿੱਖ ਵਿਚ ਉਹਨਾਂ ਨੂੰ ਇਕ ਅਰਬ ਡਾਲਰ ਮਿਲਣ ਦਾ ਇਕਰਾਰ ਪ੍ਰਾਪਤ ਹੋਇਆ ਹੈ।

ਤਾਂ ਵੀ ਅਫਗਾਨੀ ਲੋਕਾਂ ਨੂੰ ਆਸ ਹੈ ਕਿ ਵਿਰੋਧੀ ਪੱਖ ਵਿਚ ਸ਼ਾਮਲ ਲੋਕਾਂ ਵਿਚ ਵੀ ਤਰਕ ਪਰਬਲ ਹੋ ਜਾਵੇਗਾ ਅਤੇ ਉਹ ਮੰਨ ਮਨੌਤੀ ਦੇ ਅਮਲ ਵਿਚ ਸ਼ਾਮਲ ਹੋ ਜਾਣਗੇ। ਅਫਗਾਨ ਲੋਕ ਦ੍ਰਿੜਤਾ ਨਾਲ ਅਮਨ ਦੇ ਪੱਖ ਵਿਚ ਮੱਤ ਦੇ ਰਹੇ ਹਨ ਅਤੇ ਉਹਦੀ ਛੇਤੀ ਤੋਂ ਛੇਤੀ ਪਰਾਪਤੀ ਲਈ ਆਪਣੀਆਂ ਆਸਾਂ ਬਹੁਤਾ ਕਰਕੇ ਦੇਸ ਦੇ ਨਵੇਂ ਸੰਵਿਧਾਨ ਦੀ ਪਰਵਾਨਗੀ ਉਤੇ ਲਾ ਰਹੇ ਹਨ।

ਅਮਰੀਕੀ ਸਾਮਰਾਜ ਦੀਆਂ ਅਫਗਾਨਿਸਤਾਨ ਵਿਰੁੱਧ ਸਾਜ਼ਿਸ਼ਾਂ ਵੀ ਜ਼ਾਰੀ ਹਨ ਅਤੇ ਅਮਰੀਕਾ ਦੇ ਨਵੀਨ ਹਥਿਆਰਾਂ →


**VICKY CONSTRUCTION CO.**

- Vinyl Siding
- Soffits and all Finishing Jobs
- Free Estimate

**Ph. (604) 581-6506** (after 8 p.m.)

**Star Drywall Construction Co. Ltd.**

- Complete Drywall Service
- Guaranteed Work
- Free Estimates

**Sahib or Nake**

**Ph. (604) 589-4830**

P.O.BOX 639
SURREY, B.C. V3T 5L9


ਵੀ

# ਮਜ਼ਦੂਰ ਜਮਾਤ ਦਾ ਚੰਗਾ ਉਦਮ

ਪੰਜਾਬ ਦੀ ਮਜ਼ਦੂਰ ਜਮਾਤ ਆਪਣੀਆਂ ਆਰਥਕ ਮੰਗਾਂ ਦੀ ਪੂਰਤੀ ਲਈ ਹੜਤਾਲ ਆਦਿ ਤਾਂ ਕਰਦੀ ਹੀ ਚਲੀ ਆਉਂਦੀ ਹੈ ਤੇ ਇਹ ਹੜਤਾਲਾਂ ਮੁਕਾਮੀ ਅਤੇ ਸੂਬਾ ਪੱਧਰ ਦੀਆਂ ਵੀ ਹੁੰਦੀਆਂ ਰਹੀਆਂ ਹਨ ਪਰ ਨਿਰੋਲ ਸਿਆਸੀ ਸੁਆਲਾਂ ਉਤੇ ਪੰਜਾਬ ਦੀ ਮਜ਼ਦੂਰ ਜਮਾਤ ਨੇ ਸੂਬਾ ਪੱਧਰ ਦਾ ਵੱਡਾ ਹੜਤਾਲ ਐਕਸ਼ਨ ਅਜੋਕੀਆਂ ਹਾਲਤਾਂ ਵਿਚ ਘੱਟ ਹੀ ਕੀਤਾ ਹੈ ਭਾਵੇਂ ਕਿ ਮੁਕਾਮੀ ਪੱਧਰ ਉਤੇ ਅਜਿਹੇ ਐਕਸ਼ਨ ਹੁੰਦੇ ਰਹੇ ਹਨ।

ਚਾਰ ਸਤੰਬਰ ਨੂੰ ਅੰਮ੍ਰਿਤਸਰ ਦੀ ਮਜ਼ਦੂਰ ਜਮਾਤ ਨੇ ਅੱਤਵਾਦੀਆਂ ਵਲੋਂ ਬੇਗੁਨਾਹ ਲੋਕਾਂ ਨੂੰ ਕਤਲ ਕਰਨ ਵਿਰੁਧ ਜਿਹੜਾ ਹੜਤਾਲ ਐਕਸ਼ਨ ਕੀਤਾ ਉਹ ਭਾਵੇਂ ਮੁਕਾਮੀ ਪੱਧਰ ਦਾ ਸੀ ਪਰ ਸੂਬੇ ਦੀ ਅਜੋਕੀ ਖਿਚਾਅ ਭਰੀ ਅਵਸਥਾ ਵਿਚ ਅਤੇ ਅੱਤਵਾਦੀਆਂ ਦੇ ਦੱਸੇ ਜਾਂਦੇ ਗੜ੍ਹ ਵਿਚ ਹੋਣ ਕਾਰਨ ਇਸ ਦੀ ਬੜੀ ਅਹਿਮੀਅਤ ਹੈ।

ਇਹ ਐਕਸ਼ਨ ਪੰਜਾਬ ਸੀਟੂ ਤੇ ਏਟਕ ਦੇ ਸੱਦੇ ਉਤੇ ਹੋਇਆ ਜਦ ਕਿ ਹੋਰ ਯੂਨੀਅਨਾਂ ਨੇ ਇਸ ਦਾ ਵਿਰੋਧ ਕੀਤਾ। ਪਰ ਇਹ ਯੂਨੀਅਨਾ ਇਸ ਵਿਰੋਧ ਨਾਲ ਹੋਰ ਵੀ ਨੰਗੀਆਂ ਹੋ ਗਈਆਂ। ਹੜਤਾਲ ਪੂਰੀ ਤਰਾਂ ਮੁਕੰਮਲ ਸੀ। ਹੜਤਾਲੀ ਮਜ਼ਦੂਰ ਪਹਿਲਾਂ ਪੁਤਲੀਘਰ ਦੀ ਵਿਸ਼ਾਲ ਰੈਲੀ ਵਿਚ ਇਕੱਤਰ ਹੋਏ ਤੇ ਫੇਰ ਉਹਨਾਂ ਨੇ ਸ਼ਹਿਰ ਵਿਚ ਪ੍ਰਭਾਵਸ਼ਾਲੀ ਅਮਨ ਮਾਰਚ ਕੀਤਾ ਜੋ ਕਿ ਜਲਿਆਂਵਾਲਾ ਬਾਗ ਦੇ ਇਤਿਹਾਸਕ ਅਸਥਾਨ 'ਤੇ ਸਮਾਪਤ ਹੋਇਆ।

ਅੰਮ੍ਰਿਤਸਰ ਦੀ ਮਜ਼ਦੂਰ ਜਮਾਤ ਨੇ ਪਹਿਲਾਂ ਵੀ ਅੱਤਵਾਦੀ-ਵੱਖਵਾਦੀ ਤੱਤਾਂ ਵਿਰੁਧ ਕਈ ਢੰਗਾਂ ਨਾਲ ਰੋਸ ਪ੍ਰਗਟਾਏ ਹਨ ਅਤੇ ਮਿਹਨਤੀਆਂ ਨੂੰ ਪਾੜਨ ਵਾਲੀਆਂ ਸ਼ਕਤੀਆਂ ਨੂੰ ਚੈਲਿੰਜ ਸੁਟੇ ਹਨ। ਉਹਨਾਂ ਦਾ ਇਹ ਚਾਰ ਸਤੰਬਰ ਦਾ ਹੜਤਾਲ ਐਕਸ਼ਨ ਵੀ ਇਕ ਤਰਾਂ ਨਾਲ ਉਹਨਾਂ ਤੱਤਾਂ ਨੂੰ ਚੈਲਿੰਜ ਹੈ ਜਿਹੜੇ ਕਿ ਦੇਸ਼ ਦੀ ਏਕਤਾ ਨੂੰ ਢਾਹ ਲਾਉਣ ਦੇ ਨਾਲ ਨਾਲ ਪੰਜਾਬੀ ਏਕਤਾ ਨੂੰ ਢਾਹ ਲਾਉਣ ਲਈ ਯਤਨਸ਼ੀਲ ਹਨ।

ਚਾਰ ਸਤੰਬਰ ਦੀ ਅੰਮ੍ਰਿਤਸਰ ਸ਼ਹਿਰ ਵਿਚ ਹੋਈ ਵਿਸ਼ਾਲ ਮਜ਼ਦੂਰ ਰੈਲੀ ਵਿਚੋਂ ਜਿਹੜੇ ਨਾਹਰੇ ਉਚੇ ਕੀਤੇ ਗਏ ਉਹ ਦੇਸ਼ ਧ੍ਰੋਹੀ ਅੱਤਵਾਦੀ-ਵੱਖਵਵਾਦੀ ਸ਼ਕਤੀਆਂ ਨੂੰ ਇਕ ਵੱਡਾ ਚੈਲਿੰਜ ਤਾਂ ਪੇਸ਼ ਕਰਦੇ ਹੀ ਹਨ ਨਾਲ ਦੀ ਨਾਲ ਕੇਂਦਰੀ ਸਰਕਾਰ ਦੀ ਪੰਜਾਬ ਬਾਰੇ ਦੀਵਾਲੀਆਂ ਨੀਤੀ ਨੂੰ ਵੀ ਬੁਰੀ ਤਰਾਂ ਭੰਡਦੇ ਹਨ।

ਅੰਮ੍ਰਿਤਸਰ ਦੀ ਮਜ਼ਦੂਰ ਜਮਾਤ ਦੇ ਇਸ ਇਤਿਹਾਸਕ ਐਕਸ਼ਨ ਨੇ ਉਹਨਾਂ ਸਭਨਾਂ ਹੀ ਸ਼ਕਤੀਆਂ ਨੂੰ ਪ੍ਰਭਾਵਤ ਕੀਤਾ ਹੈ ਜਿਹੜੀਆਂ ਕਿ ਦੇਸ ਦੀ ਏਕਤਾ ਅਖੰਡਤਾ ਅਤੇ ਪੰਜਾਬੀ ਏਕਤਾ ਲਈ ਜੂਝ ਰਹੀਆਂ ਹਨ ਅਤੇ ਅੱਤਵਾਦੀ-ਵੱਖਵਾਦੀ ਤੱਤਾਂ ਵਿਰੁੱਧ ਮੂਹਰਲੀਆਂ ਕਤਾਰਾਂ ਵਿਚ ਹੋਕੇ ਲੜਾਈ ਦੇ ਰਹੀਆਂ ਹਨ।

ਇਸ ਐਕਸ਼ਨ ਲਈ ਅੰਮ੍ਰਿਤਸਰ ਦੀ ਮਜ਼ਦੂਰ ਜਮਾਤ ਅਤੇ ਸੀਟੂ ਤੇ ਏਟਕ ਦੀ ਸੂਝਵਾਨ ਤੇ ਜੁਝਾਰ ਲੀਡਰਸ਼ਿਪ ਵਧਾਈ ਦੀ ਹੱਕਦਾਰ ਹੈ। ●

---

ਨਾਲ ਪਾਕਿਸਤਾਨ ਅੰਦਰੋਂ ਅਫਗਾਨਿਸਤਾਨ ਵਿਰੁੱਧ ਲੜੀ ਜਾ ਰਹੀ ਅਨ-ਐਲਾਨੀ ਜੰਗ ਵੀ ਜਾਰੀ ਹੈ। ਪਰ ਸਭ ਕੁਝ ਦੇ ਹੁੰਦਿਆਂ ਹੋਇਆਂ ਅਫਗਾਨਿਸਤਾਨ ਦੇ ਬਹੁਤ ਸਾਰੇ ਬਾਗੀ ਟੋਲੇ ਆਪਣੇ ਦੇਸ਼ ਵਾਪਿਸ ਪਰਤ ਰਹੇ ਹਨ ਅਤੇ ਜਿਹੜੇ ਹਾਲੇ ਤੱਕ ਪਾਕਿਸਤਾਨ ਅੰਦਰ ਬੈਠੇ ਹਨ ਉਹਨਾਂ ਵਿਚ ਭਾਰੀ ਨਿਰਾਸ਼ਤਾ ਪਾਈ ਜਾ ਰਹੀ ਹੈ।

ਜਦੋਂ ਦਾ ਅਮਰੀਕਾ ਦਾ ਇਰਾਨ ਵਿਚਲਾ ਸ਼ਾਹ ਸਮੇਂ ਦਾ ਅੱਡਾ ਚੁਕਿਆ ਗਿਆ ਹੈ ਅਤੇ ਅਫਗਾਨਿਸਤਾਨ ਵਿਚ ਅਪ੍ਰੈਲ ਇਨਕਲਾਬ ਹੋਇਆ ਹੈ ਉਦੋਂ ਦਾ ਹੀ ਅਮਰੀਕਾ ਸਟ-ਪਟਾ ਰਿਹਾ ਹੈ।

ਇਸ ਖੇਤਰ ਵਿਚ ਅਮਰੀਕਾ ਨੇ ਪਾਕਿਸਤਾਨ ਨੂੰ ਆਪਣਾ ਇਰਾਨ ਵਰਗਾ ਅੱਡਾ ਬਨਾਉਣ ਦੀ ਜਿਹੜੀ ਯੁੱਧ-ਨੀਤੀ 1980 ਤੋਂ ਧਾਰਨ ਕੀਤੀ ਉਸ ਦਾ ਨਿਸ਼ਾਨਾ ਹੋਰ ਪਹਿਲੂਆਂ ਤੋਂ ਬਿਨਾਂ ਉਸ ਦੇਸ ਨੂੰ ਇਰਾਨ ਵਰਗਾ ਅੱਡਾ ਬਨਾਉਣਾਂ ਸੀ।

ਇਸ ਸਮੇਂ ਇਸ ਉਪ-ਮਹਾਂਦੀਪ ਵਿਚ ਜਾਂ ਇਸ ਖੇਤਰ ਵਿਚ ਅਮਰੀਕਾ ਦੀ ਯੁਧ-ਨੀਤੀ ਇਹ ਹੈ ਕਿ ਇਕ ਪਾਸੇ ਅਫਗਾਨਿਸਤਾਨ ਦੇ ਇਨਕਲਾਬ ਨੂੰ ਢਾਹ ਲਾਈ ਜਾਵੇ ਅਤੇ ਦੂਜੇ ਪਾਸੇ ਇਸ ਖੇਤਰ ਵਿਚੋਂ ਗੁਆਂਢੀ ਰਾਜਾਂ ਵਿਰੁੱਧ ਸਾਜ਼ਿਸ਼ਾਂ ਜਾਰੀ ਰਖੀਆਂ ਜਾਣ।

ਇਸ ਖੇਤਰ ਵਿਚ ਅਮਰੀਕੀ ਯੁਧ-ਨੀਤੀ ਦਾ ਮੁਖ ਨਿਸ਼ਾਨਾ ਅਫਗਾਨਿਸਤਾਨ ਹੈ। ਇਕ ਪਾਸੇ ਉਸ ਦੇਸ਼ ਦੇ ਅੰਦਰ ਸਾਜ਼ਿਸ਼ਾਂ ਜਾਰੀ ਹਨ ਤੇ ਦੂਜੇ ਪਾਸੇ ਪਾਕਿਸਤਾਨ ਦੀ ਧਰਤੀ ਨੂੰ ਅਫਗਾਨਿਸਤਾਨ ਵਿਰੁੱਧ ਅਨ-ਐਲਾਨੀ ਜੰਗ ਲਈ ਵਰਤਿਆ ਜਾ ਰਿਹਾ ਹੈ।

ਅਫਗਾਨਿਸਤਾਨ ਦਰਅਸਲ ਇਕ ਅਜਿਹਾ ਦੇਸ਼ ਹੈ ਜਿਹੜਾ ਕਿ ਅਮਰੀਕਾ ਨੂੰ ਬਹੁਤ ਹੀ ਰੜਕ ਰਿਹਾ ਹੈ ਅਤੇ ਜਿਸ ਵਿਰੁਧ ਨਾ ਕੇਵਲ ਪਾਕਿਸਤਾਨ ਅੰਦਰੋਂ ਹੀ ਸਾਜ਼ਿਸ਼ਾਂ ਜਾਰੀ ਹਨ ਸਗੋਂ ਪਛਮੀ ਪ੍ਰਚਾਰ ਸਾਧਨ ਬੜਾ ਹੀ ਧੂਆਂ-ਧਾਰ ਪਰਚਾਰ ਕਰ ਰਹੇ ਹਨ। ਜੇ ਇਸ ਕੂੜ-ਪ੍ਰਚਾਰ ਨੂੰ ਇਕ ਥਾਂ ਕਰਕੇ ਵਾਚਿਆ ਜਾਵੇ ਤਾਂ ਹੁਣ ਤਕ ਅਫਗਾਨਿਸਤਾਨ ਅੰਦਰ ਸਰਕਾਰ ਨਾ ਦੀ ਕੋਈ ਚੀਜ਼ ਨਹੀਂ ਸੀ ਲਭਣੀ। ਪਰ ਝੂਠ ਝੂਠ ਹੀ ਹੁੰਦਾ ਹੈ।

ਇਨਕਲਾਬ ਤੋਂ ਪਿਛੋਂ ਅਫਗਾਨਿਸਤਾਨ ਨੇ ਨਾ ਕੇਵਲ ਹਰ ਤਰਾਂ ਦੀਆਂ ਸਾਜ਼ਿਸ਼ਾਂ ਨੂੰ ਹੀ ਭਾਜ ਦਿੱਤੀ ਹੈ ਸਗੋਂ ਹਰ ਖੇਤਰ ਵਿਚ ਉੱਨਤੀ ਅਤੇ ਪ੍ਰਗਤੀ ਕੀਤੀ ਹੈ—ਅਤੇ ਇਸ ਹਕੀਕਤ ਨੂੰ ਅੱਜ ਉਸ ਦੇਸ ਦੇ ਵੈਰੀ ਵੀ ਸਵੀਕਾਰ ਕਰਦੇ ਹਨ। ●

DOSANJH & PIRANI

#202 - 5887 Victoria Drive, Vancouver, B.C. V5P 3W5

Phone 327-6381

● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ਼ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

# ਸ਼ਰੋਮਣੀ ਕਮੇਟੀ ਦੀ ਜਾਗ ਖੁਲ੍ਹੀ

ਅਕਾਲ ਤਖਤ ਦੇ ਚਾਰ ਜਥੇਦਾਰਾਂ ਵਲੋਂ ਅੱਤਵਾਦੀਆਂ ਦੀ ਹਮਾਇਤ ਵਿਚ ਜਿਹੜਾ ਬਿਆਨ ਕੁਝ ਦਿਨ ਪਹਿਲਾਂ ਦਿੱਤਾ ਗਿਆ ਸੀ ਉਸਦੇ ਸਬੰਧ ਵਿਚ ਮੁਖ ਜਥੇਦਾਰ ਪ੍ਰੋ: ਦਰਸ਼ਨ ਸਿੰਘ ਦਾ ਪ੍ਰਤੀਕਰਮ ਵੀ ਲੋਕਾਂ ਸਾਹਮਣੇ ਆ ਚੁਕਾ ਹੈ ਅਤੇ ਅਕਾਲੀ ਦਲ ਦੇ ਪ੍ਰਧਾਨ ਸ੍ਰੀ ਸੁਰਜੀਤ ਸਿੰਘ ਬਰਨਾਲਾ ਦਾ ਵੀ। ਚਾਰ ਜਥੇਦਾਰਾਂ ਦਾ ਇਹ ਬਿਆਨ ਕਿਸ ਪਿਛੋਕੜ ਵਿਚ ਦਿੱਤਾ ਗਿਆ ਇਸ ਸਬੰਧ ਵਿਚ ਵੀ ਪ੍ਰੈਸ ਵਿਚ ਕਈ ਤਰਾਂ ਦੀਆਂ ਖਬਰਾਂ ਆ ਚੁਕੀਆਂ ਹਨ।

ਚਾਰ ਜਥੇਦਾਰਾਂ ਦੇ ਇਸ ਬਿਆਨ ਵਿਚ ਭੜਕਾਹਟ ਅਤੇ ਜ਼ਹਿਰੀਲੇ-ਪਣ ਦੇ ਹੁੰਦਿਆਂ ਹੋਇਆਂ ਇਹ ਇਕ ਪਾਸੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਵੱਡਾ ਚੈਲਿੰਜ ਸੀ ਤੇ ਦੂਜੇ ਪਾਸੇ ਅਕਾਲੀ ਲੀਡਰਸ਼ਿਪ ਨੂੰ। ਹਕੀਕਤ ਤਾਂ ਇਹ ਹੈ ਕਿ ਇਸ ਬਿਆਨ ਤੋਂ ਪਿਛੋਂ ਜੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਮੂੰਹ ਨਾ ਖੋਲ੍ਹਦੀ ਤਾਂ ਉਸ ਦੀ ਕੋਈ ਵੀ ਵੁਕਤ ਨਹੀਂ ਸੀ ਰਹਿਣੀ। ਏਸੇ ਹੀ ਤਰਾਂ ਜੇ ਅਕਾਲੀ ਪਾਰਟੀ ਚੁਪ ਰਹਿੰਦੀ ਤਾਂ ਉਸ ਲਈ ਵੀ ਇਹ ਚੁੱਪ ਮਹਿੰਗੀ ਪੈਣੀ ਸੀ। ਸੰਯੁਕਤ ਅਕਾਲੀ ਦਲ ਦਾ ਹਾਲੇ ਤੱਕ ਨਾ ਬੋਲਣਾ ਅਰਥ ਭਰਪੂਰ ਹੀ ਕਿਹਾ ਜ਼ਾ ਸਕਦਾ ਹੈ।

ਚਾਰ ਜਥੇਦਾਰਾਂ ਦੇ ਖਿਆਨ ਦਾ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਸਖਤ ਨੋਟਿਸ ਲਿਆ ਹੈ ਅਤੇ ਆਖਿਆ ਹੈ ਕਿ ਜਥੇਦਾਰਾਂ ਨੂੰ ਪਾਲਸੀ ਮਾਮਲਿਆਂ ਬਾਰੇ ਬਿਆਨ ਦੇਣ ਦਾ ਕੋਈ ਅਧਿਕਾਰ ਨਹੀਂ ਹੈ ਅਤੇ ਕਿ ਇਹ ਅਧਿਕਾਰ ਕੇਵਲ ਅਕਾਲ ਤਖਤ ਦੇ ਮੁਖ ਜਥੇਦਾਰ ਕੋਲ ਹੀ ਹੈ।

ਸ਼੍ਰੋ: ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਇਹ ਬਿਆਨ ਪਿਛਲੇ ਦਿਨ ਹਰਮੰਦਰ ਸਾਹਿਬ ਵਿਖੇ ਆਪਣੀ ਮੀਟਿੰਗ ਕਰਨ ਤੋਂ ਪਿਛੋਂ ਦਿੱਤਾ ਜੋ ਕਿ ਹਰਿੰਦਰ ਸਿੰਘ ਦੀ ਪਰਧਾਨਗੀ ਹੇਠ ਹੋਈ। ਇਸ ਵਿਚ ਚੌਥਾਂ ਕਾਰਜ ਕਰਨੀ ਮੈਂਬਰਾਂ ਨੇ ਹਿੱਸਾ ਲਿਆ।

ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਕਾਰਜ ਕਰਨੀ ਵਲੋਂ ਪਾਸ ਕੀਤੇ ਗਏ ਮਤੇ ਵਿਚ ਕਿਹਾ ਗਿਆ ਹੈ ਕਿ ਚਾਰ ਜਥੇਦਾਰਾਂ ਨੇ ਜਿਹੜਾ ਬਿਆਨ ਬੁਧਵਾਰ ਨੂੰ ਦਿੱਤਾ ਉਸ ਵਿਚ ਵਰਤੀ ਗਈ ਭਾਸ਼ਾ ਇਤਰਾਜ਼ ਯੋਗ ਅਤੇ ਨਿੰਦਣ ਯੋਗ ਹੈ। ਸ਼ਰੋਮਣੀ ਕਮੇਟੀ ਨੇ ਚਾਰ ਅਗਸਤ ਦੀ ਕਨਵੈਨਸ਼ਨ ਵਲੋਂ ਪਾਸ ਕੀਤੇ ਗਏ ਮਤੇ ਦੀ ਵੀ ਪੁਸ਼ਟੀ ਕੀਤੀ।

ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਕਾਰਜ ਕਰਨੀ ਦੇ ਮੈਂਬਰ ਮੀਟਿੰਗ ਕਰਨ ਤੋਂ ਪਿਛੋਂ ਜ਼ੀਰਕਪੁਰ ਵੀ ਗਏ ਤੇ ਉਹਨਾਂ ਨੇ ਮੁਖ ਜਥੇਦਾਰ ਦਰਸ਼ਨ ਸਿੰਘ ਨਾਲ ਵੀ ਭੇਂਟ ਕੀਤੀ ਦੱਸੀ ਜਾਂਦੀ ਹੈ।

ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਦੇ ਫੈਸਲਿਆਂ ਦੇ ਸਬੰਧ ਵਿਚ ਏਹੀ ਕਿਹਾ ਜਾ ਰਿਹਾ ਹੈ ਕਿ ਇਹ ਫੈਸਲੇ ਉਸ ਲਾਈਨ ਦੀ ਹਮਾਇਤ ਵਿਚ ਹਨ ਜਿਹੜੀ ਕਿ ਮੁਖ ਜਥੇਦਾਰ ਪ੍ਰੋ: ਦਰਸ਼ਨ ਸਿੰਘ ਵਲੋਂ ਅਖਤਿਆਰ ਕੀਤੀ ਗਈ ਹੈ।

ਚਾਰ ਜਥੇਦਾਰਾਂ ਵਲੋਂ ਦਿੱਤੇ ਗਏ ਬਿਆਨ ਦੇ ਸਬੰਧ ਵਿਚ ਸ਼ਰੋਮਣੀ ਗੁ: ਪ੍ਰਬੰਧਕ ਕਮੇਟੀ ਵਲੋਂ ਉਹਨਾਂ ਵਿਰੁਧ ਕੀ ਕਾਰਵਾਈ ਹੁੰਦੀ ਹੈ ਜਾਂ ਉਹਨਾਂ ਦੇ ਬਿਆਨ ਤੋਂ ਪਿਛੋਂ ਸਰਕਾਰ ਉਹਨਾਂ ਵਿਰੁਧ ਕੀ ਕੇਸ ਦਰਜ ਕਰਦੀ ਹੈ ਇਹ ਗੱਲ ਤਾਂ ਅਗਲੇ ਕੁਝ ਦਿਨਾਂ ਵਿਚ ਲੋਕਾਂ ਸਾਹਮਣੇ ਆ ਹੀ ਜਾਵੇਗੀ ਪਰ ਜੇ ਅਰੰਭ ਵਿਚ ਹੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਆਪਣੀ ਹੋਂਦ ਜਤਾਉਣ ਦਾ ਫਰਜ਼ ਨਿਭਾਉਂਦੀ ਚਲੀ ਆਉਂਦੀ ਤਾਂ ਇਸ ਤਰ੍ਹਾਂ ਦੀ ਅਵਸਥਾ ਪੈਦਾ ਨਹੀਂ ਸੀ ਹੋਣੀ।

ਇਸ ਸਮੇਂ ਜਦੋਂ ਕਿ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਉੱਤੇ ਵੱਖ ਵੱਖ ਪਰਦਿਆਂ ਅਤੇ ਧਾਰਮਕ ਪਲੇਟ ਫਾਰਮਾਂ ਹੇਠ ਅੱਤਵਾਦੀ-ਵੱਖਵਾਦੀ ਤੱਤ ਕਾਬਜ਼ ਹਨ ਤਾਂ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਉੱਤੇ ਗੁਰਚਰਨ ਸਿੰਘ ਟੋਹੜਾ ਅਤੇ ਬਾਦਲ ਗਰੁਪ ਦਾ ਕਬਜ਼ਾ ਹੈ ਜਿਹੜੇ ਕਿ ਜਿਹਲਾਂ ਵਿਚ ਹਨ।

ਜਦੋਂ ਅਕਾਲੀ ਦਲ ਦੇ ਧਰਮ ਯੁੱਧ ਮੋਰਚੇ ਸਮੇਂ ਭਿੰਡਰਾਂਵਾਲਾ ਦੇ ਦੌਰ ਵਿਚ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਨਾ ਕੇਵਲ ਅੱਤਵਾਦੀ-ਵੱਖਵਾਦੀ ਤੱਤਾਂ ਦਾ ਹੀ ਗੜ੍ਹ ਬਣਿਆਂ ਹੋਇਆ ਸੀ ਸਗੋਂ ਇਸ ਨੂੰ ਇਕ ਕਿਲੇ ਵਿਚ ਵੀ ਤਬਦੀਲ ਕਰ ਦਿੱਤਾ ਗਿਆ ਸੀ ਤੇ ਏਥੇ ਹਥਿਆਰ ਵੀ ਜਮਾਂ ਹੋ ਰਹੇ ਸਨ ਤਾਂ ਉਹਨਾਂ ਦਿਨਾਂ ਵਿਚ ਵੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਉੱਤੇ ਸ੍ਰੀ ਗੁਰਚਰਨ ਸਿੰਘ ਟੋਹੜਾ ਦਾ ਹੀ ਕਬਜ਼ਾ ਸੀ।

ਜੇ ਉਸ ਦੌਰ ਵਿਚ ਹੀ ਜਥੇਦਾਰ ਗੁਰਚਰਨ ਸਿੰਘ ਟੋਹੜਾ ਅਤੇ ਉਹਨਾਂ ਦੀ ਅਗਵਾਈ ਵਿਚ ਚਲ ਰਹੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਨੂੰ ਅੱਤਵਾਦੀ-ਵੱਖਵਾਦੀ ਤੱਤਾਂ ਦੀ ਪਨਾਹਗਾਹ ਨਾ ਬਣਨ ਦਿੰਦੀ ਤਾਂ ਨਾ ਹੀ ਨੀਲਾਤਾਰਾ ਉਪਰੇਸ਼ਨ ਹੁੰਦਾ ਤੇ ਨਾ ਹੀ ਪੰਜਾਬ ਦੇ ਹਾਲਾਤ ਵਿਗੜਦੇ। ਇਸ ਲਈ ਪੰਜਾਬ ਦੇ ਹਾਲਾਤ ਵਿਗੜਨ ਵਿਚ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਆਪਣੀ ਜ਼ੁਮੇਂਵਾਰੀ ਤੋਂ ਬਚ ਨਹੀਂ ਸਕਦੀ।

ਹੁਣ ਚਾਰ ਜਥੇਦਾਰਾਂ ਵੱਲੋਂ ਅੱਤਵਾਦੀ-ਵੱਖਵਾਦੀ ਤੱਤਾਂ ਦੀ ਹਮਾਇਤ ਕਰਨ ਦੇ ਸਬੰਧ ਵਿਚ ਜਿਹੜਾ ਬਿਆਨ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਦਿੱਤਾ ਗਿਆ ਹੈ ਉਹ ਚੰਗੀ ਸੇਧ ਵਿਚ ਹੈ, ਪਰ ਕੇਵਲ ਇਹ ਬਿਆਨ ਹੀ ਕਾਫੀ ਨਹੀਂ। ਲੋੜ ਇਸ ਗੱਲ ਦੀ ਹੈ ਕਿ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਆਪਣੇ ਅਧਿਕਾਰਾਂ ਦੀ ਵਰਤੋਂ ਕਰੇ ਅਤੇ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅੰਦਰ ਅਜਿਹੇ ਤੱਤਾਂ ਨੂੰ ਰਹਿਣ ਦੀ ਕਦਾਚਿਤ ਆਗਿਆ ਨਾ ਦੇਵੇ ਜਿਹੜੇ ਕਿ ਵੱਖ ਵੱਖ ਅਪਰਾਧਾਂ ਵਿਚ ਪੁਲਸ ਨੂੰ ਲੋੜੀਂਦੇ ਹਨ। ਇਸ ਤੋਂ ਬਿਨਾ ਇਸ ਅੰਦਰੋਂ ਕਿਸੇ ਨੂੰ ਵੀ ਵਿਹੁਲਾ ਅਤੇ ਦੇਸ਼ ਧਰੋਹੀ ਪਰਚਾਰ ਕਰਨ ਦੀ ਆਗਿਆ ਨਾ ਦਿਤੀ ਜਾਵੇ।

ਸਾਡੀ ਇਹ ਵੀ ਸਪੱਸ਼ਟ ਰਾਏ ਹੈ ਕਿ ਸ਼ਰੋਮਣੀ ਗੁਰ-ਦਵਾਰਾ ਪ੍ਰਬੰਧਕ ਕਮੇਟੀ ਨੂੰ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅੰਦਰ ਕਿਸੇ ਵੀ ਸਿਆਸੀ ਜਥੇਬੰਦੀ ਨੂੰ ਆਪਣਾ ਦਫਤਰ ਖੋਲ੍ਹਣ ਦੀ ਆਗਿਆ ਨਹੀਂ ਦੇਣੀ ਚਾਹੀਦੀ ਅਤੇ ਇਸ ਥਾਂ ਤੋਂ ਧਾਰਮਕ ਪਰਚਾਰ ਤੋਂ ਬਿਨਾਂ ਹੋਰ ਕਿਸੇ ਵੀ ਤਰਾਂ ਦਾ ਪਰਚਾਰ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ।

ਵੱਖ ਵੱਖ ਅਕਾਲੀ ਧੜਿਆਂ ਨੂੰ ਵੀ ਇਹ ਗੱਲ ਅਨੁ-ਭਵ ਕਰਨੀ ਚਾਹੀਦੀ ਹੈ ਕਿ ਉਹਨਾਂ ਵਲੋਂ ਤੰਗ-ਸਿਆਸੀ ਹਿੱਤਾਂ ਖਾਤਰ ਜਾਂ ਇਕ ਦੂਜੇ ਵਿਰੁੱਧ ਖਹਿ ਕਾਰਨ ਜਿਵੇਂ ਸਮੇਂ ਸਮੇਂ ਅੱਤਵਾਦੀ ਤੱਤਾਂ ਦਾ ਲਿਹਾਜ਼ ਕੀਤਾ ਜਾਂਦਾ ਰਿਹਾ ਜਾਂ ਉਹਨਾਂ ਨੂੰ ਵਰਤਿਆ ਜਾਂਦਾ ਰਿਹਾ ਉਸ ਕਾਰਨ ਜਿੱਥੇ ਅੱਤਵਾਦੀ ਤੱਤਾਂ ਦੀ ਜੜ੍ਹ ਮਚਦੀ ਰਹੀ ਓਥੇ ਅਕਾਲੀ ਧੜੇ ਸਹਿਜੇ ਸਹਿਜੇ ਹੌਲੇ ਪੈਂਦੇ ਰਹੇ।

ਜਦੋਂ ਪੰਜਾਬ ਵਿਚ ਰਾਜੀਵ ਲੌਂਗੋਵਾਲ ਸਮਝੌਤੇ ਤੋਂ ਪਿਛੋਂ ਪੰਜਾਬ ਵਿਚ ਅਸੰਬਲੀ ਚੋਣਾਂ ਹੋਈਆਂ ਸਨ ਤਾਂ ਇਸ ਸਮਝੌਤੇ ਦੇ ਵਿਰੋਧੀ ਅੱਤਵਾਦੀ-ਵੱਖਵਾਦੀ ਤੱਤਾਂ ਨੂੰ ਬੁਰੀ ਤਰਾਂ ਹੂੰਝਾ ਫਿਰਿਆ ਅਤੇ ਇਹਨਾਂ ਦੇ ਚੋਣ ਬਾਈਕਾਟ ਦੇ ਨਾਹਰੇ ਨੂੰ ਕਿਸੇ ਨੇ ਵੀ ਨਾ ਪੁਛਿਆ। ਪਰ ਬਰਨਾਲਾ ਸਰਕਾਰ ਦੀ ਕਾਇਮੀ ਦੇ ਕੁਝ ਹੀ ਮਹੀਨਿਆਂ ਪਿੱਛੋਂ ਅੱਤਵਾਦੀ-ਵੱਖਵਾਦੀ ਤੱਤਾਂ ਨੇ ਫੇਰ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਨੂੰ ਆਪਣੀ ਠਾਹਰ ਬਣਾ ਲਿਆ ਤੇ ਏਥੋਂ ਸਿਆਸੀ ਪਰਚਾਰ ਵੀ ਅਰੰਭ ਦਿੱਤਾ। ਇਹ ਸਾਰਾ ਕੁਝ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਅੰਦਰ-ਖਾਤੇ ਹਮਾਇਤ ਤੋਂ ਬਿਨਾ ਨਹੀਂ ਸੀ।

ਜਦੋਂ ਸਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਥੋਹੜੀ ਬਾਹਲੀ ਹੱਲਾ ਸ਼ੇਰੀ ਮਿਲ ਗਈ ਤਾਂ ਅੱਤਵਾਦੀਆਂ ਨੇ ਓਥੇ ਸਰਬਤ ਖਾਲਸਾ ਰਚਾ ਦਿੱਤਾ ਅਤੇ ਉਸ ਪਲੇਟ ਫਾਰਮ ਤੋਂ ਅਪਣੇ ਨਾਹਰੇ ਦਿੱਤੇ। ਇਸਦੇ ਟਾਕਰੇ ਵਿਚ ਸ਼ਰੋਮਣੀ

ਅਕਾਲੀ ਦਲ ਨੇ ਫਰਵਰੀ ਵਿਚ ਅਨੰਦਪੁਰ ਸਾਹਿਬ ਵਿਖੇ ਸਰਬਤ ਖਾਲਸਾ ਰਖਿਆ।

ਇਸ ਸਰਬਤ ਖਾਲਸਾ ਵਿਚ ਵਿਸ਼ਾਲ ਗਿਣਤੀ ਵਿਚ ਸਿੱਖ ਜਨਤਾ ਸ਼ਾਮਲ ਹੋਈ ਅਤੇ ਇਸ ਵਲੋਂ ਸਰਬ ਸੰਮਤੀ ਨਾਲ ਅਕਾਲੀ ਦਲ ਦੇ ਪਰਧਾਨ ਸ੍ਰੀ ਸੁਰਜੀਤ ਸਿੰਘ ਬਰਨਾਲਾ ਨੂੰ ਕੁਝ ਅਧਿਕਾਰ ਦਿੱਤੇ ਗਏ। ਪਰ ਇਸ ਸਰਬਤ ਖਾਲਸਾ ਸਮੇਂ ਹੀ ਕੁਝ ਅਕਾਲੀ ਆਗੂਆਂ ਦਾ ਰੋਲ ਸ਼ੱਕੀ ਹੋ ਗਿਆ ਸੀ। ਅਜਿਹਾ ਰੋਲ ਅਦਾ ਕਰਨ ਕਰਕੇ ਉਨ੍ਹਾਂ ਨੇ ਅੱਤਵਾਦੀ-ਵੱਖਵਾਦੀ ਤੱਤਾਂ ਦੀ ਪਿੱਠ ਹੀ ਪੂਰੀ।

ਕੌਣ ਨਹੀਂ ਜਾਣਦਾ ਕਿ ਸ੍ਰੀ ਗੁਰਚਰਨ ਸਿੰਘ ਟੌਹੜਾ ਅਤੇ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਸੁਰਜੀਤ ਸਿੰਘ ਬਰਨਾਲਾ ਨੂੰ ਗੱਦੀ ਤੋਂ ਲਾਹੁਣ ਲਈ ਇਕ ਤਾਂ ਅਕਾਲੀ ਅਸੰਬਲੀ ਪਾਰਟੀ ਵਿਚ ਫੁੱਟ ਪਾਈ ਅਤੇ ਦੂਸਰੇ ਅਜਿਹਾ ਰੋਲ ਅਦਾ ਕੀਤਾ ਜਿਸ ਨਾਲ ਕਿ ਅੱਤਵਾਦੀ-ਵੱਖਵਾਦੀ ਤੱਤਾਂ ਨੂੰ ਸ਼ਹਿ ਤੇ ਹੱਲਾਸ਼ੇਰੀ ਮਿਲਦੀ ਗਈ।

ਸ਼ਰੋਮਣੀ ਗੁਰਦਵਾਰਾ ਪ੍ਰਬੰਧ ਕਮੇਟੀ ਨੂੰ ਅਤੇ ਵੱਖ-ਵੱਖ ਅਕਾਲੀ ਗਰੁਪਾਂ ਨੂੰ ਆਪਣੀਆਂ ਪੁਰਾਣੀਆਂ ਗਲਤੀਆਂ ਸੋਧਣੀਆਂ ਚਾਹੀਦੀਆਂ ਹਨ ਅਤੇ ਕਿਸੇ ਵੀ ਤਰਾਂ ਅਜਿਹਾ ਰੋਲ ਨਹੀਂ ਅਦਾ ਕਰਨਾ ਚਾਹੀਦਾ ਜਿਸ ਨਾਲ ਕਿ ਦੇਸ ਧਰੋਹੀ ਅੱਤਵਾਦੀ-ਵੱਖਵਾਦੀ ਸ਼ਕਤੀਆਂ ਨੂੰ ਬਲ ਮਿਲੇ।

ਕੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਆਪਣੀ ਹੋਂਦ ਜਤਾਵੇਗੀ ਅਤੇ ਉਹਨਾਂ ਅੱਤਵਾਦੀ-ਵੱਖਵਾਦੀ ਤੱਤਾਂ ਨੂੰ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅੰਦਰੋਂ ਬਾਹਰ ਖਦੇੜੇਗੀ ਜਿਹੜੇ ਕਿ ਓਥੇ ਜੰਮੇ ਹੋਏ ਹਨ?

ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਲਿਆ ਗਿਆ ਤਾਜ਼ਾ ਫੈਸਲਾ ਤਾਂ ਏਹੀ ਆਸ ਬੰਨਾਉਂਦਾ ਹੈ ਕਿ ਇਸ ਸੇਧ ਵਿਚ ਹੋਰ ਵੀ ਕਦਮ ਚੁਕੇ ਜਾਣਗੇ।

ਹੁਣ ਵਿਚ-ਵਿਚਾਲੇ ਦੀ ਪਾਲਸੀ ਨਾਲ ਨਹੀਂ ਸਰਨਾ, ਸਗੋਂ ਸਪਸ਼ਟ ਸਟੈਂਡ ਲੈਣਾ ਪਵੇਗਾ ਅਤੇ ਦਲੇਰ ਫੈਸਲੇ ਕਰਨੇ ਹੋਣਗੇ।

ਜੇ ਇਸ ਤਰਾਂ ਦੀ ਸਪਸ਼ਟ ਪਾਲਸੀ ਨਾ ਅਪਣਾਈ ਗਈ ਤਾਂ ਅਕਾਲੀ ਆਗੂ ਅਤੇ ਵੱਖ ਵੱਖ ਅਕਾਲੀ ਧੜੇ ਆਪਣੇ ਆਪ ਨੂੰ ਕਾਇਮ ਨਹੀਂ ਰਖ ਸਕਣਗੇ ਅਤੇ ਸਮੁਚੇ ਤੌਰ ਉਤੇ ਪੰਜਾਬ ਨੂੰ ਵੀ ਵੱਡੀ ਹਾਨੀ ਪੁਜੇਗੀ। ●

(ਸਫਾ 22 ਦੀ ਬਾਕੀ)

ਦੇਸ਼ ਦੇ ਰਾਜਨੀਤਕ ਮਹੌਲ ਨੂੰ ਧਾਰਾਬੱਧ ਕਰੀਏ ਅਤੇ ਹਰ ਤਰਾਂ ਦੇ ਵੰਡਵਾਦੀ ਰੁਝਾਨਾਂ ਦੀ ਡਟਕੇ ਵਿਰੋਧਤਾ ਕਰੀਏ।

## ਦਿਨੋ ਦਿਨ ਤਿੱਖਾ ਹੁੰਦਾ ਜਾ ਰਿਹਾ ਸੰਕਟ

ਡੀ.ਵਾਈ ਐਫ. ਆਈ. ਦੀ ਪੱਛਮੀ ਬੰਗਾਲ ਸੂਬਾ ਕਮੇਟੀ ਦੇ ਪ੍ਰਧਾਨ ਰੌਬਿਨ ਦੇਬ ਨੇ ਦੋਸ ਲਗਾਇਆ ਕਿ ਯੂਨਾਨੀ ਮਿਥਿਹਾਸ ਦੇ ਮਿਡੋ ਵਾਂਗ ਰਾਜੀਵ ਗਾਂਧੀ ਜਿਸ ਖੇਤਰ ਨੂੰ ਹੱਥ ਲਾਉਂਦਾ ਹੈ, ਉਹੋ ਹੀ ਸੰਕਟ ਗ੍ਰਸਤ ਹੋ ਜਾਂਦਾ ਹੈ। ਰਾਜੀਵ ਹਕੂਮਤ ਦਾ ਇਕ ਮਹੀਨਾ ਦੇਸ਼ ਵਿਚ ਔਸਤਨ ਦੋ ਲੱਖ ਬੇਰੁਜਗਾਰ ਪੈਦਾ ਕਰਦਾ ਹੈ। ਇਸ ਸਮੇਂ ਦੇਸ਼ ਦੀ ਅਖੰਡਤਾ ਨੂੰ ਖਤਰਾ ਦਰਪੇਸ਼ ਹੈ। ਲੋਕ ਆਪਣੇ ਆਪ ਨੂੰ ਸੁਰਖਿਅਤ ਮਹਿਸੂਸ ਨਹੀਂ ਕਰ ਰਹੇ। ਡੀ.ਵਾਈ.ਐਫ.ਆਈ. ਨੇ ਇਸ ਕਾਰਜ ਲਈ ਸੁਤੰਤਰਤਾ ਦੀ 40ਵੀਂ ਵਰ੍ਹੇਗੰਢ ਦੇ ਮੌਕੇ ਤੇ ਇਕਮੁਠ ਕਰਨ ਦਾ ਫੈਸਲਾ ਕੀਤਾ ਸੀ। ਕੇਂਦਰ ਵਿਚ ਰਾਜੀਵ ਦੀ ਅਗਵਾਈ ਵਾਲੀ ਸਰਕਾਰ ਅਧੀਨ ਅਸੀਂ ਅਤੇ ਸਾਡਾ ਭਵਿਖ ਖਤਰੇ ਵਿਚ ਹੈ।

## ਦ੍ਰਿੜ ਸਹੁੰ

ਰੈਲੀ ਸ਼ਾਮ ਨੂੰ ਸਮਾਪਤ ਹੋਈ ਜਦੋਂ ਮੀਂਹ ਪੈਣਾ ਸ਼ੁਰੂ ਹੋ ਗਿਆ। ਵਿਖਾਵਾਕਾਰੀ ਸੰਘਰਸ਼ ਕਰਨ ਅਤੇ ਲੜਨ ਦੀ ਸਹੁੰ ਚੁਕਣ ਪਿਛੋਂ ਵਾਪਿਸ ਘਰੀਂ ਚਲੇ ਗਏ। ਇਹ ਵਿਸ਼ਾਲ ਰੈਲੀ ਵਰਤਮਾਨ ਕਾਂਗਰਸ (ਆਈ) ਦੀ ਸਰਦਾਰੀ ਲਈ ਸਿੱਧੀ ਚਣੌਤੀ ਹੈ।

ਅਰਪੀਤਾ ਮੁਕਰਜੀ

# ਸੋਗੀ ਬੋਲੀਆਂ

ਕਰਮਾ ਮਾਰੀ ਕਿਸੇ ਵਚਾਰੀ
ਆਟੇ ਪਾਣੀ ਪਾਇਆ
ਸੁਭ੍ਹਾ ਸਵੇਰੇ ਬੈਠ ਬਨੇਰੇ
ਕਾਗਾ ਆ ਕੁਰਲਾਇਆ
ਚੂੜੇ ਵਾਲੜੀਏ !
ਸੋਗ ਸੁਨੇਹਾ ਆਇਆ—...

——

ਕਹਿ ਵੇ ਕਾਵਾਂ ਸਦਕੇ ਜਾਵਾਂ
ਕਿਹੜੀ ਖਬਰ ਲਿਆਇਆ
ਅਣੀਏ ਤੇਰਾ ਸੁਰਖ ਸਵੇਰਾ
ਨ੍ਹੇਰੇ ਮਾਰ ਮੁਕਾਇਆ
ਸਾਲੂ ਵਾਲੜੀਏ !
ਸੋਗ ਸੁਨੇਹਾ ਆਇਆ......

——

ਕਾਗ ਬਨੇਰੇ ਹੰਝੂ ਕੇਰੇ
ਗੋਰੀ ਛਮ ਛਮ ਰੋਈ
ਦੱਸੀ ਕਾਗਾ ਵੇ !
ਕੀ ਅਣਹੋਣੀ ਹੋਈ......

——

ਕਾਤਲ ਖੂੰਨੀ ਘੋਰ ਜਨੂੰਨੀ
ਜਾਂਦੇ ਜਿੰਦਾਂ ਕੋਹੀ
ਧਰਤੀ ਜਾਈਏ ਨੀ !
ਇਹ ਅਣਹੋਣੀ ਹੋਈ......

——

ਅਮਨ ਸਿਪਾਹੀ ਹੋਇਆ ਰਾਹੀ
ਮੈਂ ਜੀਂਦੇ ਜੀ ਮੋਈ
ਰੋਂਦੇ ਗੀਤਾਂ ਦੀ
ਕੌਣ ਕਰੇ ਦਿਲਜੋਈ......
ਰੋਂਦੇ ਗੀਤਾਂ ਦੀ......

ਦ: ਪ੍ਰ:—ਮਾਸਟਰ


## ਹੁਣ ਤੁਸੀਂ ਵੈਨਕੂਵਰ-ਹਾਂਗਕਾਂਗ ਨਾਨ - ਸਟਾਪ ਜਾ ਸਕਦੇ ਹੋ

ਭਾਰਤ, ਪਾਕਿਸਤਾਨ, ਫੀਜੀ ਲੰਡਨ, ਸ੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ। ਜੇਕਰ ਤੁਸੀਂ ਲੰਡਨ ਠਹਿਰ ਕੇ ਵੀ ਜਾਣਾ ਹੈ ਤਾਂ ਵੀ ਭਾਰ ਪੂਰਾ ਲਿਜਾ ਸਕਦੇ ਹੋ।



AUTHORIZED AGENTS FOR: ● AIR CANADA ● BRITISH AIRWAYS ● CANADIAN PACIFIC AIRLINES ● CATHAY PACIFIC AIRWAYS ● THAI INTERNATIONAL AIRWAYS & OTHER MAJOR AIRLINES.

**BAINS TRAVEL SERVICE**

6364 Fraser Street, Vancouver, B.C. Ph. 324-2277

935 Marine Drive Capilano Mall, N. Vancouver

1710 Douglas St. Victoria, B.C. Ph. 386-6363

CALL TOLL FREE **1-800-663-6693** (B.C. & ALBERTA)

# ਇਰਾਨ-ਇਰਾਕ ਜੰਗ ਮੁਕਣੀ ਚਾਹੀਦੀ ਹੈ

*—ਐਸ. ਕੇ. ਸਿੰਘ*

ਸਤੰਬਰ ਵਿਚ ਇਰਾਨ-ਇਰਾਕ ਜੰਗ ਨੂੰ ਚਲਦਿਆਂ 7 ਵਰ੍ਹੇ ਹੋ ਜਾਣਗੇ। ਇਹ ਜੰਗ ਕਿਸ ਲਈ ਹੋ ਰਹੀ ਹੈ ਇਹ ਗਲ ਠੀਕ ਤਰਾਂ ਕੋਈ ਨਹੀਂ ਜਾਣਦਾ। ਸ਼ਾਇਦ ਇਸ ਫਜ਼ੂਲ ਜੰਗ ਵਿਚ ਰੁਝੀਆਂ ਧਿਰਾਂ ਵੀ ਨਹੀਂ ਜਾਣਦੀਆਂ ਕਿ ਉਹ ਕਿਉਂ ਲੜ ਰਹੀਆਂ ਹਨ। ਇਸ ਜੰਗ ਨੂੰ ਰੁਕਵਾਉਣ ਦੀਆਂ ਕੋਸ਼ਿਸ਼ਾਂ ਵੀ ਸ਼ੁਰੂ ਤੋਂ ਹੀ ਜਾਰੀ ਹਨ ਪਰ ਅਜੇ ਤਕ ਉਹ ਸਫਲ ਨਹੀਂ ਹੋਈਆਂ।

28 ਸਤੰਬਰ, 1980 ਨੂੰ ਸੁਰਖਿਆ ਕੌਂਸਲ ਨੇ ਇਰਾਨ-ਇਰਾਕ ਸਥਿਤੀ ਬਾਰੇ ਵਿਚਾਰ-ਵਟਾਂਦਰਾ ਕੀਤਾ ਅਤੇ ਇਕ ਮਤਾ ਪਰਵਾਨ ਕੀਤਾ ਜਿਸ ਵਿਚ ਦੋਹਾਂ ਧਿਰਾਂ ਨੂੰ ਫੌਰਨ ਜੰਗ ਬੰਦ ਕਰਨ ਅਤੇ ਆਪਣੇ ਝਗੜੇ ਸ਼ਾਂਤਮਈ ਸਾਧਨਾਂ ਰਾਹੀਂ ਹਲ ਕਰਨ ਦਾ ਸੱਦਾ ਦਿਤਾ ਗਿਆ ਸੀ।

1982 ਵਿਚ ਸੁਰਖਿਆ ਕੌਂਸਲ ਨੇ ਇਕ ਹੋਰ ਮਤਾ ਪਰਵਾਨ ਕੀਤਾ ਜਿਸ ਵਿਚ ਇਰਾਨ ਤੇ ਇਰਾਕ ਨੂੰ ਲੜਾਈ ਬੰਦ ਕਰਨ ਤੇ ਗੱਲਾਂਬਾਤਾਂ ਸ਼ੁਰੂ ਕਰਨ ਲਈ ਕਿਹਾ।

ਨਵੰਬਰ 1983 ਵਿਚ ਮਾਸਕੋ ਵਿਖੇ ਆਂਦਰੇਈ ਗਰੋਮੀਕੋ. ਜਿਹੜਾ ਉਸ ਸਮੇਂ ਸੋਵੀਅਤ ਯੂਨੀਅਨ ਦਾ ਬਦੇਸ਼ ਮੰਤਰੀ ਸੀ, ਅਤੇ ਇਰਾਕ ਦੇ ਉਪ ਪ੍ਰਧਾਨ ਮੰਤਰੀ ਤੇ ਬਦੇਸ਼ ਮੰਤਰੀ ਟੀ. ਅਜ਼ੀਜ਼ ਵਿਚਕਾਰ ਹੋਈਆਂ ਗੱਲਾਂਬਾਤਾਂ ਬਾਰੇ ਜਾਰੀ ਕੀਤੇ ਗਏ ਸਰਕਾਰੀ ਕਮਿਊਨਿਕੇ ਵਿਚ ਕਿਹਾ ਗਿਆ ਸੀ: 'ਸੋਵੀਅਤ ਧਿਰ ਇਰਾਨ-ਇਰਾਕ ਹਥਿਆਰਬੰਦ ਝਗੜੇ ਨੂੰ ਛੇਤੀ ਤੋਂ ਛੇਤੀ ਬੰਦ ਕਰਨ ਅਤੇ ਗੱਲਬਾਤ ਦੀ ਮੇਜ ਦੁਆਲੇ ਬਹਿ ਕੇ ਝਗੜਿਆਂ ਦਾ ਇਕ ਰਾਜਨੀਤਕ ਨਿਬੇੜਾ ਕਰਨ ਦੀ ਲੋੜ ਵਿਚ ਸੋਵੀਅਤ ਯੂਨੀਅਨ ਦੇ ਪੱਕੇ ਵਿਸ਼ਵਾਸ ਉਤੇ ਮੁੜ ਜ਼ੋਰ ਦੇਂਦੀ ਹੈ। ਇਸ ਝਗੜੇ ਦਾ ਖਾਤਮਾ ਇਰਾਨੀ ਤੇ ਇਰਾਕੀ ਲੋਕਾਂ ਦੇ ਹਿਤਾਂ ਅਤੇ ਦੋਹਾਂ ਦੇਸ਼ਾਂ ਦੇ ਸਮਾਜਕ ਤੇ ਆਰਥਕ ਵਿਕਾਸ ਦੇ ਕੰਮਾਂ ਦੇ ਅਨੁਸਾਰੀ ਹੋਵੇਗਾ। ਸੋਵੀਅਤ ਯੂਨੀਅਨ, ਸੰਯੁਕਤ ਰਾਸ਼ਟਰ ਵਿਚ ਉਦਮਾਂ ਸਮੇਤ, ਇਰਾਨ-ਇਰਾਕ ਝਗੜੇ ਦੇ ਰਾਜਨੀਤਕ ਨਿਬੇੜੇ ਨੂੰ ਸੌਖਾ ਬਨਾਉਣ ਲਈ ਕੋਸ਼ਿਸ਼ਾਂ ਕਰਦਾ ਰਹੇਗਾ।'

ਇਸ ਝਗੜੇ ਨੂੰ ਨਿਪਟਾਉਣ ਦੀ ਦਿਸ਼ਾ ਵਲ ਇਕ ਹੋਰ ਕਦਮ ਸੋਵੀਅਤ ਨੇਤਾਵਾਂ ਅਤੇ ਇਰਾਨ ਤੇ ਇਰਾਕ ਦੇ ਬਦੇਸ਼ ਮੰਤਰੀਆਂ ਵਿਚਕਾਰ ਗੱਲਾਂਬਾਤਾਂ ਦੌਰਾਨ ਚੁਕਿਆ ਗਿਆ ਜਿਹੜੀਆਂ ਫਰਵਰੀ 1987 ਵਿਚ ਹੋਈਆਂ ਸਨ। ਇਸ ਗੱਲ ਉਤੇ ਜ਼ੋਰ ਦਿਤਾ ਗਿਆ ਕਿ ਮੁੱਖ ਧਿਆਨ ਭੂਤਕਾਲ ਦੀ ਥਾਂ ਭਵਿੱਖ ਵਲ ਦਿਤਾ ਜਾਣਾ ਚਾਹੀਦਾ ਹੈ, ਕਿ ਲੜਣ ਵਾਲੀਆਂ ਧਿਰਾਂ ਵਿਚਕਾਰ ਅਜਿਹਾ ਕੋਈ ਮਤਭੇਦ ਨਹੀਂ ਜਿਸਨੂੰ ਦੂਰ ਨਾ ਕੀਤਾ ਜਾ ਸਕਦਾ ਹੋਵੇ, ਅਤੇ ਕਿ ਫੌਜੀ ਝਗੜੇ ਦੇ ਜਾਰੀ ਰਹਿਣ ਤੋਂ ਕੇਵਲ ਸਾਮਰਾਜੀ ਤਾਕਤਾਂ ਨੂੰ ਹੀ ਲਾਭ ਪੁਜਦਾ ਹੈ।

ਜੂਨ 1987 ਵਿਚ ਫਲਸਤੀਨੀ ਮੁਕਤੀ ਜਥੇਬੰਦੀ ਦੀ ਕਾਰਜਕਾਰੀ ਕਮੇਟੀ ਦੇ ਇਕ ਪ੍ਰਤੀ-ਨਿਧ ਮੰਡਲ ਨੇ ਸੋਵੀਅਤ ਯੂਨੀਅਨ ਦਾ ਦੌਰਾ ਕੀਤਾ। ਇਸ ਅਵਸਰ ਉਤੇ ਜਾਰੀ ਕੀਤੇ ਗਏ ਸਾਂਝੇ ਸੋਵੀਅਤ-ਫਲਸਤੀਨੀ ਕਮਿਊਨਿਕੇ ਵਿਚ ਇਰਾਨ-ਇਰਾਕ ਜੰਗ ਦੇ ਛੇਤੀ ਖਾਤਮੇ ਦੀ ਲੋੜ ਵਲ ਧਿਆਨ ਦੁਆਇਆ ਗਿਆ। ਦੋਹਾਂ ਧਿਰਾ ਨੇ ਧਰਤੀ ਦੇ ਇਸ ਭਾਗ ਵਿਚ ਫੌਜੀ ਹੋਂਦ ਵਧਾਉਣ ਦੇ ਬਹਾਨੇ ਵਜੋਂ ਖਾੜੀ ਵਿਚਲੇ ਤਣਾਆਂ ਨੂੰ ਵਰਤੇ ਜਾਣ ਦਾ ਵਿਰੋਧ ਕੀਤਾ।

ਇਸ ਖੇਤਰ ਵਿਚ ਅਮਰੀਕੀ ਸਮੁੰਦਰੀ ਫੌਜਾਂ ਦੇ ਭਾਰੀ ਵਾਧੇ ਦੇ ਸਿਟੇ ਵਜੋਂ ਫਾਰਸ ਦੀ ਖਾੜੀ ਵਿਚਲੀ ਸਥਿਤੀ ਹੋਰ ਵੀ ਵਿਗੜ ਗਈ। ਇਸ ਕਰਕੇ 4 ਜੁਲਾਈ, 1987 ਨੂੰ ਸੋਵੀਅਤ ਸਰਕਾਰ ਨੇ ਇਹ ਬਿਆਨ ਜਾਰੀ ਕੀਤਾ ਕਿ ਸੋਵੀਅਤ ਸਰਕਾਰ ਇਹ ਸੁਝਾਅ ਦੇਂਦੀ ਹੈ ਕਿ ਉਹਨਾਂ ਦੇਸ਼ਾਂ ਦੇ, ਜਿਹਨਾਂ ਦਾ ਇਸ ਖੇਤਰ ਨਾਲ ਕੋਈ ਸਬੰਧ ਨਹੀਂ, ਸਭ ਜੰਗੀ ਜਹਾਜ਼ਾਂ ਨੂੰ ਛੇਤੀ ਤੋਂ ਛੇਤੀ ਇਸ ਖਾੜੀ ਵਿਚੋਂ ਚਲੇ ਜਾਣਾ ਚਾਹੀਦਾ ਹੈ ਕਿ ਇਰਾਨ ਤੇ ਇਰਾਕ ਨੂੰ ਅਜਿਹੀ ਹਰ ਕਾਰਵਾਈ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜਿਹੜੀ ਕੌਮਾਂਤਰੀ ਜਹਾਜ਼ਰਾਨੀ ਲਈ ਖਤਰਾ ਬਣ ਜਾਵੇ।

20 ਜੁਲਾਈ, 1987 ਨੂੰ ਸੰਯੁਕਤ ਰਾਸ਼ਟਰ ਸੁਰਖਿਆ ਕੌਂਸਲ ਨੇ ਇਰਾਨ-ਇਰਾਕ ਝਗੜੇ ਦੇ ਸ਼ਾਂਤਮਈ ਨਿਬੇੜੇ ਲਈ ਇਕ ਮਤਾ ਪਰਵਾਨ ਕੀਤਾ। ਸੁਰਖਿਆ ਕੌਂਸਲ ਨੇ ਇਹ ਮੰਗ ਕੀਤੀ ਕਿ ਗੱਲਬਾਤ ਰਾਹੀਂ ਇਸ ਝਗੜੇ ਦੇ ਨਿਬੇੜੇ ਲਈ ਪਹਿਲੇ ਕਦਮ ਵਜੋਂ ਲੜਾਈ ਵਿਚ ਰੁਝੇ ਦੋਹਾਂ ਦੇਸ਼ਾਂ ਨੂੰ ਫੌਰਨ ਜੰਗ-ਬੰਦੀ ਕਰ ਦੇਣੀ ਚਾਹੀਦੀ ਹੈ, ਧਰਤੀ ਉਤੇ, ਹਵਾ ਅਤੇ ਸਮੁੰਦਰ ਵਿਚ ਸਭ ਤਰਾਂ ਦੀਆਂ ਝੜਪਾਂ ਨੂੰ ਫੌਰਨ ਬੰਦ ਕਰ ਦੇਣਾ ਚਾਹੀਦਾ ਹੈ, ਅਤੇ ਬਿਨਾਂ ਦੇਰ ਕੀਤਿਆਂ ਆਪਣੀਆਂ ਆਪਣੀਆਂ ਫੌਜਾਂ ਨੂੰ ਕੌਮਾਂਤਰੀ ਤੌਰ ਉਤੇ ਪਰਵਾਨਤ ਸਰਹੱਦਾਂ ਅੰਦਰ ਵਾਪਸ ਬੁਲਾ ਲੈਣਾ ਚਾਹੀਦਾ ਹੈ। ਦੂਜੇ ਸਭ ਦੇਸ਼ਾਂ ਨੂੰ ਵਧ ਤੋਂ ਵਧ ਸੰਜਮ ਤੋਂ ਕੰਮ ਲੈਣ ਅਤੇ ਕੋਈ ਅਜਿਹੀ ਕਾਰਵਾਈ ਨਾ ਕਰਨ ਦੀ ਸੁਰਖਿਆ ਕੌਂਸਲ ਦੀ ਇਹ ਅਪੀਲ ਵਿਸ਼ੇਸ਼ ਮਹੱਤਤਾ ਵਾਲੀ ਹੈ ਜਿਸ ਦੇ ਸਿਟੇ ਵਜੋਂ ਝਗੜਾ ਤੇਜ਼ ਹੋ ਜਾਵੇ।

ਪਰ ਇਸ ਮਤੇ ਦੇ ਬਾਵਜੂਦ, ਜਿਸ ਦੀ ਅਮਰੀਕਾ ਨੇ ਵੀ ਹਿਮਾਇਤ ਕੀਤੀ ਸੀ, ਪੈਂਟਾਗਨ ਨੇ ਫਾਰਸ ਦੀ ਖਾੜੀ ਵਿਚ ਆਪਣੇ ਜੰਗੀ ਜਹਾਜ਼ਾਂ ਦਾ ਇਕ ਬੇੜਾ ਜਮ੍ਹਾਂ ਕਰ ਲਿਆ ਅਤੇ ਕੁਵੇਤੀ ਟੈਂਕਰਾਂ ਦੇ ਸੰਤਰੀ ਬਣਨ ਦਾ ਕੰਮ ਸ਼ੁਰੂ ਕਰ ਦਿਤਾ। ਸੁਰਖਿਆ ਕੌਂਸਲ ਦੇ ਕਈ ਮੈਂਬਰੀ ਨੇ ਇਸ ਗਲ ਉਤੇ ਜ਼ੋਰ ਦਿਤਾ ਕਿ ਇਹ ਅਮਰੀਕੀ ਕਾਰਵਾਈ ਮਤੇ ਦੇ ਪੰਜਵੇਂ ਨੁਕਤੇ ਦੀ ਉਲੰਘਣਾ ਕਰਦੀ ਹੈ।

ਸੁਰਖਿਆ ਕੌਂਸਲ ਦੇ ਫੈਸਲੇ ਸੰਯੁਕਤ ਰਾਸ਼ਟਰ ਦੇ ਸਭ ਮੈਂਬਰਾਂ ਉਤੇ ਲਾਗੂ ਹੁੰਦੇ ਹਨ ਅਤੇ ਖਾਸ ਕਰਕੇ ਸੁਰਖਿਆ ਕੌਂਸਲ ਦੇ ਸਥਾਈ ਮੈਂਬਰਾਂ ਉਤੇ। ਸੋਵੀਅਤ ਯੂਨੀਅਨ ਨੇ ਇਸ ਮਤੇ ਦੀ ਪਰਵਾਨਗੀ ਲਈ ਸਰਗਰਮੀ ਨਾਲ ਕੰਮ ਕੀਤਾ। ਸੋਵੀਅਤ ਯੂਨੀਅਨ ਦੇ ਪ੍ਰਥਮ ਉਪ-ਬਦੇਸ਼ ਮੰਤਰੀ ਯੂਲੀ ਵੋਰੋਂਤਸੋਵ ਨੇ ਇਰਾਨੀ ਨੇਤਾਵਾਂ ਦੇ ਸੱਦੇ-ਪੱਤਰ ਉਤੇ ਤਹਿਰਾਨ ਦਾ ਵੀ ਦੌਰਾ ਕੀਤਾ ਅਤੇ ਉਨ੍ਹਾਂ ਨਾਲ ਗੱਲਾਂਬਾਤਾਂ ਕੀਤੀਆਂ। ਵਿਚਾਰ-ਵਟਾਂਦਰੇ ਦੌਰਾਨ ਧਿਰਾਂ ਨੇ ਅਮਰੀਕਾ ਦੀਆਂ ਖਤਰਨਾਕ ਸਰਗਰਮੀਆਂ ਅਤੇ ਇਸ ਖੇਤਰ ਵਿਚ ਇਸਦੀ ਫੌਜੀ ਹੋਂਦ ਦੇ ਭਾਰੀ ਵਾਧੇ ਉਤੇ ਚਿੰਤਾ ਪਰਗਟ ਕੀਤੀ। ਇਰਾਨੀ ਧਿਰ ਨੇ ਸੋਵੀਅਤ ਸਰਕਾਰ ਦੇ ਇਸ ਸੁਝਾਅ ਦੀ ਹਿਮਾਇਤ ਕੀਤੀ ਕਿ ਸਭ ਬਦੇਸ਼ੀ ਜੰਗੀ ਜਹਾਜ਼ਾਂ ਨੂੰ ਖਾੜੀ ਵਿਚੋਂ ਫੌਰਨ ਚਲੇ ਜਾਣਾ ਚਾਹੀਦਾ ਹੈ ਅਤੇ ਕਿ ਇਰਾਨ ਇਰਾਕ ਨੂੰ ਅਜਿਹੀਆਂ ਕਾਰਵਾਈਆਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜਿਹੜੀਆਂ ਕੌਮਾਂਤਰੀ ਜਹਾਜ਼ਰਾਨੀ ਲਈ ਖਤਰਾ ਬਣ ਜਾਣ।

ਇਰਾਕ ਵੀ ਇਹੀ ਚਾਹੁੰਦਾ ਹੈ। ਫੇਰ ਇਹ ਝਗੜਾ ਖਤਮ ਕਿਉਂ ਨਹੀਂ ਹੁੰਦਾ ਇਹ ਸੋਚਣ ਵਾਲੀ ਗੱਲ ਹੈ। ●

**ਇਨਸਾਨੀਅਤ ਸਭਨਾਂ ਧਰਮਾਂ ਤੋਂ ਉਪਰ ਹੈ— ਇਨਸਾਨ ਬਣੋਂ**

ਨਜ਼ਮ /ਮਹਿੰਦਰ ਗਿੱਲ

[ਨੈਲਸਨ ਮੈਂਡੇਲਾ ਦੇ ਨਾਂ]

ਗੱਲ ਤਾਂ ਕੋਈ ਨਵੀਂ ਨਹੀਂ
ਸਦੀਆ ਤੋਂ, ਅਣਗਿਣਤ ਰੂਹਾਂ ਨੇ
ਮਹਿਸੂਸਿਆ ਹੋਵੇਗਾ।
ਪਰ ਅੱਜ ਜਦ ਅੰਬਰਾਂ 'ਤੇ
ਇਨਸਾਨੀ ਰੱਤ ਦੀ, ਕਿਰਮਚੀ ਭਾਅ ਛਾਈ ਹੈ
ਤਾਂ ਉਹ ਕੁਝ, ਜੋ ਤੇਰੇ ਤੇ ਮੇਰੇ ਵਿਚ ਸਾਂਝਾ ਹੈ—
ਜੋ ਇਨਸਾਨ ਦਾ ਇਨਸਾਨ ਨਾਲ ਸਾਂਝਾ ਹੈ
ਜਾਂ ਜੋ ਕਲ੍ਹ ਦੇ ਗੁਲਾਮ ਦਾ ਅੱਜ ਦੇ ਗੁਲਾਮ ਨਾਲ ਸਾਂਝਾ ਹੈ
ਹਾਂ, ਇਹ ਸਭ ਤੇ ਬਹੁਤ ਹੋਰ!
ਮੇਰੇ ਦਿਲ ਦੀ ਹਰ ਧੜਕਣ 'ਚੋਂ ਕਹਿੰਦਾ ਲਗਦਾ
ਕਿ ਦੁਨੀਆਂ ਦੀ ਕੋਈ ਤਾਕਤ
ਕਿਵੇਂ ਰੱਖ ਸਕਦੀ ਹੈ, ਖਿਆਲਾਂ ਨੂੰ ਕੈਦ।

ਖਿਆਲ ਜੋ ਜ਼ਮਾਨੇ ਸਿਰਜਦਾ
ਮੁਹੱਬਤ ਦੇ ਗੀਤ ਗਾਉਂਦਾ
ਮੌਤ 'ਚੋਂ ਜ਼ਿੰਦਗੀ ਭਾਲ ਲੈਂਦਾ।
ਖਿਆਲ ਜੋ ਦੇਵਤਿਆਂ ਦੀ, ਅੱਗ ਚੁਰਾ ਸਕਦਾ
ਬਿਜਲੀ ਦੇ ਥੰਮਾਂ ਨੂੰ ਵੀ ਗਿਰਾ ਸਕਦਾ।

ਖਿਆਲ ਜੋ ਸਹਿਰਾ 'ਚੋਂ ਕਲੀਆਂ ਉਗਾ ਸਕਦਾ
ਜ਼ਖਮੀ ਨਸਲਾਂ ਤੋਂ ਆਤਸ਼ਜ਼ਨੀ ਕਰਾ ਸਕਦਾ।
ਖਿਆਲ ਜੋ ਸਲਾਖਾਂ ਦੇ ਘੇਰੇ 'ਚੋਂ ਵੀ
ਆਜ਼ਾਦ ਹਵਾਵਾਂ ਦੇ ਸੁਪਨੇ ਸਿਰਜ ਲੈਂਦਾ
ਕਾਲੇ-ਨ੍ਹੇਰ ਉਫਕ ਉਤੇ
ਸੂਰਜ ਵਾਂਗ ਚੜ੍ਹਨੋਂ ਕੌਣ ਰੋਕ ਸਕਦਾ।

ਖਿਆਲ ਹੀ ਕਰਦੇ ਨੇ ਆਜ਼ਾਦੀ ਨੂੰ ਆਜ਼ਾਦੀ
ਤੇ ਗੁਲਾਮੀ ਨੂੰ ਗੁਲਾਮੀ ਦੀ ਪਰਿਭਾਸ਼ਾ ਪ੍ਰਦਾਨ।

0

# ਮੰਦਰ ਬਣਾ ਕਤਲਗਾਹ

ਕਤਲਗਾਹਾਂ ਵਿਚ ਮੰਦਰ
ਮੰਦਰਾਂ ਵਿਚ ਕਤਲਗਾਹ—

ਹੈ ਸੱਭਿਤਾ ਮਰਨੇ ਪਈ
ਅਖਲਾਕ ਫਿਰਦੇ ਲੁੱਕਦਾ
ਅਪਰਾਧ ਫਿਰਦੇ ਬੁਕਦਾ
ਕਾਨੂੰਨ ਜਾਂਦੇ ਸੁੱਕਦਾ
ਇਨਸਾਫ ਜਾਂਦੇ ਮੁੱਕਦਾ
ਅਪਰਾਧ ਹਾਵੀ ਹਰ ਜਗਹ—
ਕਤਲਗਾਹਾਂ ਵਿਚ ਮੰਦਰ
ਮੰਦਰਾਂ ਵਿਚ ਕਤਲਗਾਹ

ਇਹ ਅੱਸੀਆਂ ਦੀ ਗੱਲ ਸੀ
ਕਿ ਬਕਰੀ ਦੀ ਪਹਿਨ ਲਈ
ਇਕ 'ਭੇੜੀਏ' ਨੇ ਖੱਲ ਸੀ
ਸੀ ਦੈਂਤ ਆਦਮਖੋਰ ਉਹ
ਪਰ 'ਸੰਤ' ਉਹਦੀ ਅੱਲ ਸੀ
ਸੱਤਾ ਸਵਾਮੀ 'ਡੈਣ' ਇਕ
ਉਸ ਭੇੜੀਏ ਦੇ ਵੱਲ ਸੀ
ਉਹ ਲੋਟੂਆਂ ਦੀ ਸਰਬਰਾਹ
ਉਹ ਕਾਤਲਾਂ ਦਾ ਬਾਦਸ਼ਾਹ—
ਕਤਲਗਾਹਾਂ ਵਿਚ ਮੰਦਰ
ਮੰਦਰਾਂ ਵਿਚ ਕਤਲਗਾਹ

ਪੰਜਾਬ ਦੀ ਇਹ ਦਾਸਤਾਂ
ਜੋ ਕਠਨ ਕਰਨੀ ਹੈ ਬਿਆਂ
ਮਜਬੂਰ ਹੈ ਪਰ ਕੀ ਕਰਾਂ
ਖਾਮੋਸ਼ ਰਹਿੰਦੀ ਨਹੀਂ ਜ਼ੁਬਾਂ
ਧਨੀਆਂ ਜਗੀਰੂ ਫਿਰਕੂਆਂ
ਨਾਲੇ ਕਸਾਈਆਂ ਹਾਕਮਾਂ
ਰਲਕੇ ਗਰਾਈਆਂ ਬਿਜਲੀਆਂ
ਤੇ ਦੋਸਤੀ ਤੇ ਅਮਨ ਦਾ

ਵੀਰਾਨ ਕੀਤਾ ਆਸ਼ੀਆਂ
ਫਿਰ ਝੁਲਸੀਆਂ ਹਰਿਆਲੀਆਂ
ਫਿਰ ਨਸੀਆਂ ਖੁਸ਼ਹਾਲੀਆਂ
ਫਿਰ ਹਸੀਆਂ ਕੰਗਾਲੀਆਂ
ਤੇ ਰੌਣਕਾਂ ਹੋਈਆਂ ਸਵਾਹ—
ਨੇਕੀ ਨੂੰ ਅਰਪਤ ਦਿਲਾਂ ਦਾ
ਪਰ ਕਾਫਲਾ ਚਲਦਾ ਰਿਹਾ
ਤੇ ਮੰਜ਼ਲਾਂ ਤੇ ਆਸ ਦਾ
ਵੀ ਦੀਵੜਾ ਬਲਦਾ ਰਿਹਾ
ਤੇ ਸਬਰ ਰੂਪੀ ਬੂਟੜਾ
ਹਰ ਜਬਰ ਨੂੰ ਝਲਦਾ ਰਿਹਾ
ਫੁਲਦਾ ਰਿਹਾ ਫਲਦਾ ਰਿਹਾ
ਖਾਮੋਸ਼ੀਆਂ ਦੀ ਕੁਖ ਵਿਚ
ਇਕ ਜ਼ਲਜ਼ਲਾ ਪਲਦਾ ਰਿਹਾ
ਜੋ ਸ਼ੂਕਕੇ ਕਹਿੰਦੇ ਪਿਆ
ਆਤੰਕ ਨੂੰ ਕਰਨੇ ਤਬਾਹ
ਕਤਲਗਾਹਾਂ ਵਿਚ ਮੰਦਰ
ਮੰਦਰਾਂ ਵਿਚ ਕਤਲਗਾਹ

ਬੇਸ਼ਕ ਟੁੱਟੇ ਅਮਨ ਦੇ
ਆਕਾਸ਼ ਦੇ ਤਾਰੇ ਕਈ
ਬੇਸ਼ਕ ਲਾਹੇ ਫਰਜ਼ ਦੇ
ਵੀ ਕਰਜ਼ ਨੇ ਭਾਰੇ ਕਈ
ਹੈ ਜ਼ਿੰਦਗੀ ਦੇ ਆਸ਼ਕਾਂ
ਦੀ ਫੇਰ ਵੀ ਹਿੰਮਤ ਅਥਾਹ—
ਦੇਂਦੀ ਸੁਨੇਹੇ ਆਸ ਦੇ
ਹਰ ਫਜਰ ਦੀ ਪਹਿਲੀ ਸ਼ੁਆ—
ਕਤਲਗਾਹਾਂ ਵਿਚ ਮੰਦਰ
ਮੰਦਰਾਂ ਵਿਚ ਕਤਗਾਹ

—ਦਰਸ਼ਨ ਸਿੰਘ ਮਾਸਟਰ

## ਆਪਣੇ ਭਾਰ

ਜਸਵੰਤ ਦੀਦ

ਬੇ-ਸਿਰ-ਪੈਰ ਫਿਕਰ 'ਚ
ਸਾਰੇ ਰਾਹ ਕਿੱਥੇ ਗੁਆ ਆਇਐਂ ?
ਜਾਹ,
ਸਦੀਆਂ-ਪੁਰਾਣੀ ਪੁਰਖੀ-ਹਵੇਲੀ 'ਚ ਜਾਹ
ਉਸ ਇੱਟ ਤੋਂ ਆਪਣਾ ਨਾਂ ਖੁਰਚ ਕੇ ਆ
ਜਿਥੋਂ ਹਰ ਪਹਿਲੇ ਸਾਹ ਨੂੰ ਮਿਲਦਾ ਏ ਸਰਾਪ।

ਲਾਹਨਤੀ ਦੰਤ-ਕਥਾਵਾਂ ਦੇ ਪਿੱਪਲ ਨੂੰ ਵੱਢ
ਕਾਲੀ ਛਾਂ ਨੂੰ ਅੱਗ ਲਾ ਕੇ ਆ
ਮੁਕਤੀ ਉਲੀਕ।
ਬਾਲਕੇ ਆ ਉਸ ਵਹਿੰਗੀ ਦੀ ਲੱਕੜ
ਜੋ ਅੰਨ੍ਹੇ ਸਦਾਚਾਰਕ ਪਾਣੀਆਂ ਕੋਲ ਜਾਂਦੀ ਹੈ।

ਦਰਿਆ-ਬੁਰਦ ਕਰ
ਉਹ ਬੁੱਢਾ ਸੰਦੂਕ
ਜਿਸ ਅੰਦਰਲਾ ਵਹਿਸ਼ੀ ਸੰਗੀਤ
ਆਖਰੀ ਸਾਹ ਤੱਕ ਪਾਉਂਦਾ ਹੈ ਸ਼ੋਰ।

ਮੱਥੇ ਦੀ ਜੋਤ 'ਤੇ ਹੱਥ ਰੱਖਕੇ ਜਾਹ
ਝੱਖੜ ਤੂਫਾਨ ਵਿਚ ਦੀ ਹੁੰਦਾ ਹੋਇਆ
ਕਾਲੀ ਖੁੰਦਰ 'ਚ ਘਰੂਟ ਮਾਰਕੇ ਆ।

ਧਰਤੀ ਦੇ ਥੱਲੜਲੇ ਪਾਸੇ
ਖੜੇ ਬੌਲਦ ਦੇ ਸਿੰਗ ਝੰਜੋੜ ਕੇ ਆ
ਧਰਤੀ ਦੇ ਕੰਨਾਂ 'ਚ ਕਹਿ—
'ਤੂੰ ਆਪਣੇ ਭਾਰ ਖੜੀ ਏਂ।'

O

# ਲੋਕਤਾ ਬਾਹਰਵੇਂ ਸਾਲ ਵਿਚ ਦਾਖਲ

ਇਸ ਹੱਥਲੇ ਅੰਕ ਨਾਲ ਲੋਕਤਾ ਆਪਣੇ ਬਾਹਰਵੇਂ ਸਾਲ ਵਿਚ ਦਾਖਲ ਹੋ ਰਿਹਾ ਹੈ। ਅਸੀਂ ਆਪਣੇ ਪਾਠਕਾਂ, ਹਮਦਰਦਾਂ, ਸਹਿਯੋਗੀਆਂ, ਸਹਾਇਕਾਂ ਅਤੇ ਖਾਸ ਕਰਕੇ ਉਨ੍ਹਾਂ ਸਾਰਿਆਂ ਐਡਵਰਟਾਈਜਰਾਂ ਦਾ ਬਹੁਤ ਬਹੁਤ ਧੰਨਵਾਦ ਕਰਦੇ ਹਾਂ, ਜਿਨ੍ਹਾਂ ਦੀ ਲਗਾਤਾਰ ਮਾਇਕ ਸਹਾਇਤਾ ਨਾਲ ਲੋਕਤਾ ਨੂੰ ਬਾਹਰਵੇਂ ਸਾਲ ਤੱਕ ਪਹੁੰਚਾ ਸਕੇ ਹਾਂ। ਅਸੀਂ ਆਪਣੀ ਪੂਰੇ ਤਾਣ ਨਾਲ ਵੱਧ ਤੋਂ ਵੱਧ ਕੈਨੇਡੀਅਨ, ਭਾਰਤੀ ਅਤੇ ਕੌਮਾਂਤਰੀ ਪੱਖਾਂ ਉਪਰ ਵਿਗਿਆਨਕ ਦ੍ਰਿਸ਼ਟੀ ਕੋਨ ਤੋਂ ਲਿਖੇ ਲੇਖ, ਲੋਕ-ਲਹਿਰ ਜਲੰਧਰ (ਪੰਜਾਬ) ਦੇ ਸਹਿਯੋਗ ਨਾਲ ਪਾਠਕਾਂ ਲਈ ਪੇਸ਼ ਕੀਤੇ ਹਨ।

ਸਾਨੂੰ ਮਾਣ ਹੈ ਕਿ ਕੈਨੇਡਾ ਵਿਚ ਵੱਖਵਾਦੀ-ਅਤਿਵਾਦੀ ਤੱਤਾਂ ਅਤੇ ਇਸ ਦੀ ਫਿਰਕੂ ਵਿਚਾਰਧਾਰਾ ਦੇ ਲੋਕ ਵਿਰੋਧੀ, ਗੈਰ ਜਮਹੂਰੀ ਅਤੇ ਖੁਦ ਪੰਜਾਬੀ ਲੋਕਾਂ ਦੇ ਵਿਰੁਧ ਹੋਣ ਨੂੰ ਸਪਸ਼ਟ ਕਰਨ ਦਾ ਵਿਚਾਰਧਾਰਕ ਰੋਲ ਲੋਕਤਾ ਨੇ ਪੂਰੀ ਦਰਿੜਤਾ ਨਾਲ ਕੀਤਾ ਹੈ।

ਲੋਕਤਾ ਨੇ ਸਾਡੇ ਦੇਸ਼ ਭਗਤ, ਧਰਮ ਨਿਰਪੱਖ, ਬਜ਼ੁਰਗਾਂ, ਸ਼ਹੀਦਾਂ ਅਤੇ ਕੁਰਬਾਨੀਆਂ ਕਰਨ ਵਾਲੇ ਲੋਕਾਂ ਦੇ ਪੈਰ ਚਿੰਨਾਂ ਉਪਰ ਚੱਲ ਕੇ ਆਪਣੀ ਜ਼ਿਮੇਂਦਾਰੀ ਨੂੰ ਨਿਭਾਉਣ ਦਾ ਹਰ ਯਤਨ ਕੀਤਾ ਹੈ।

ਅਸੀਂ ਆਸ ਕਰਦੇ ਹਾਂ ਕਿ ਆਉਣ ਵਾਲੇ ਸਾਲ ਵਿਚ ਅਸੀਂ ਸਭਨਾਂ ਸਹਿਯੋਗੀਆਂ ਦੀ ਸਹਾਇਤਾ ਨਾਲ ਆਪਣੀ ਨਿਭਾਈ ਜਾ ਰਹੀ ਜ਼ਿਮੇਵਾਰੀ ਨੂੰ ਨੇਪਰੇ ਚਾੜ੍ਹਨ ਦੇ ਸਮਰਥ ਹੋ ਸਕਾਂਗੇ। ਕਿਉਂਕਿ ਏਨੀ ਮਹਿੰਗਾਈ ਵਿਚ ਸਹਿਯੋਗੀਆਂ ਦੀ ਮਾਇਕ ਸਹਾਇਤਾ ਅਤਿਅੰਤ ਜ਼ਰੂਰੀ ਹੈ।

ਲੋਕਤਾ ਵਲੋਂ ਸਭ ਸ਼ੁਭ ਚਿੰਤਕਾਂ ਨੂੰ ਸ਼ੁਭ ਕਾਮਨਾਵਾਂ।

ਅਦਾਰਾ ਲੋਕਤਾ

ਦੋ ਵਾਰਾਂ —ਦਰਸ਼ਨ ਸਿੰਘ ਮਾਸਟਰ

# ਦੈਂਤ—ਦੇਵ

(1)

ਉੱਠੀ ਦੇਸ ਪੰਜਾਬ 'ਚੋਂ ਇਕ 'ਦੈਂਤਾਂ' ਦੀ ਲਲਕਾਰ
ਅਸਾਂ ਕਹਿਰੀ ਝਲ ਖਲਾਰਨਾ ਅਸੀਂ ਕਰਨੀ ਮਾਰੋ ਮਾਰ
ਅਸਾਂ ਘਿਰਨਾ ਨੂੰ ਪਰਚਾਰਨਾ ਅਸਾਂ ਦੇਣਾ ਜ਼ਹਿਰ ਖਲਾਰ
ਅਸਾਂ ਹੋਲੀ ਲਹੂ ਦੀ ਖੇਡਣੀ ਅਸਾਂ ਕਰਨਾ ਨਰਸੰਘਾਰ
ਅਸਾਂ ਸਾੜਨੀਆਂ ਹਰਿਆਲੀਆਂ ਤੇ ਲੂਹ ਦੇਣੇ ਗੁਲਜ਼ਾਰ
ਅਸੀਂ ਪੱਕੇ ਦੁਸ਼ਮਣ ਅਮਨ ਦੇ ਅਸੀਂ ਜੰਗਲ ਦੇ ਸਰਦਾਰ
ਅਸਾਂ ਮੁੜਕੇ ਪੱਥਰ ਯੁਗ ਨੂੰ ਕਰ ਦੇਣਾ ਏ ਸਾਕਾਰ
ਅਸਾਂ ਚੋਲੇ ਪਾਏ ਜਬਰ ਦੇ ਤੇ ਖੋਪੜੀਆਂ ਦੇ ਹਾਰ
ਅਸਾਂ ਮਾਰ ਮਕਾਉਣੀ ਦੋਸਤੀ ਅਸਾਂ ਦੇਣਾ ਮਸਲ ਪਿਆਰ
ਅਸਾਂ ਜੋਰੀ ਨਾਮ ਜਪਾਵਣਾ ਖੋਹ ਲੈਣਾ ਹਰ ਅਧਿਕਾਰ
ਅਸਾਂ ਰੋਜ਼ ਮੁਸਾਫਰ ਘੇਰਨੇ ਅਸਾਂ ਦੇਣੇ ਸੀਸ ਉਤਾਰ
ਅਸਾਂ ਕਾਰੇ ਰੋਜ਼ ਘਿਨਾਉਣੇ, ਨੇ ਕਰਨੇ ਕਈ ਹਜ਼ਾਰ
ਅਸਾਂ ਪੈਰਾਂ ਵਿਚ ਮਧੋਲਣੀ ਚੰਗਿਆਈ ਸ਼ਰੇ ਬਾਜ਼ਾਰ
ਬਰਬਾਦ ਕਰਨੀਆਂ ਰੌਣਕਾਂ ਤੇ ਦੇਣੀ ਸੁੰਜ ਖਲਾਰ
ਅਸਾਂ ਮਾਰੂ ਦਸਤੇ ਮੌਤ ਦੇ ਨੇ ਕਰਨੇ ਕਈ ਤਿਆਰ
ਜੋ ਵਾਂਗ ਕਿਆਮਤ ਜਾਣਗੇ ਪਏ ਕਰਦੇ ਅਤਿਆਚਾਰ
ਜੋ ਪੀਵਣਗੇ ਲਹੂ ਰੱਜਕੇ ਜੋ ਹੋਵਣਗੇ ਖੂੰਖਾਰ
ਅਸੀਂ ਸਿੱਖ 'ਖੁਮੈਣੀ' ਗੁਰੂ ਦੇ ਅਸੀਂ 'ਰੀਗਨ' ਦੇ ਦਿਲਦਾਰ
ਹਾਂ ਕਰਦੇ ਮਾਣ 'ਜ਼ਿਆ' ਦਾ ਤੇ 'ਬੈਚਰ' ਦਾ ਸਤਿਕਾਰ

(2)

ਉਠੀ ਦੇਸ਼ ਪੰਜਾਬ ਚੋਂ ਇਕ 'ਦੇਵਾਂ' ਦੀ ਲਲਕਾਰ
ਅਸਾਂ ਘਿਰਨਾ ਦੇਸੋਂ ਕੱਢਣੀ ਤੇ ਗੌਣੇ ਪ੍ਰੀਤ-ਮੁਲਾਹ
ਜੋ ਲਹੂ ਦੀ ਹੋਲੀ ਖੇਡਦੇ ਅਸਾਂ ਕਰਨੇ ਦੇਸੋਂ ਬਾਹਰ
ਅਸੀਂ ਸਿੰਜਾਂਗੇ ਹਰਿਆਲੀਆਂ ਤੇ ਨਾਲੇ ਬਾਗ ਬਹਾਰ
ਅਸਾਂ ਨਾਲ ਲਹੂ ਦੇ ਸਿੰਜਣਾ ਇਸ ਭੂਮੀ ਦਾ ਗੁਲਜ਼ਾਰ
ਅਸੀਂ ਜੱਦੀ ਹਾਮੀ ਅਮਨ ਦੇ ਅਸੀਂ ਉਨਤੀ ਦੇ ਮਹਿਮਾਰ
ਤੇ ਖਾਬ ਸੁਨਹਿਰੇ ਯੁਗ ਦਾ ਕਰ ਦੇਣਾ ਏ ਸਾਕਾਰ
ਅਸਾਂ ਵਾਂਗ ਭਰਾਵਾਂ ਵੱਸਣਾ ਗਲ ਪਾ ਬਾਹਾਂ ਦੇ ਹਾਰ
ਅਸਾਂ ਜਾਬਰ ਨੂੰ ਵੰਗਾਰਨਾ ਰਲ ਕੱਠੇ ਕਈ ਹਜ਼ਾਰ
ਅਸੀਂ ਧਰਤੀ ਜਾਏ ਲੋਕ ਹਾਂ ਸਵਰਗਾਂ ਦੇ ਦਾਅਵੇਦਾਰ
ਅਸ਼ਾਂ ਪਹਿਰਾ ਦੇਣਾ ਹੱਕ ਤੇ ਖੜ ਲੋਕਾਂ ਦੇ ਦਰਬਾਰ
ਅਸ਼ਾਂ ਇੰਜ ਜਨੂੰਨੀ ਹੂੰਝਣੇ ਜਿਉਂ ਹੋਵੇ ਖਰ ਪਤਵਾਰ
ਅਸਾਂ ਸੱਚ ਨਿਆਂ ਮਰਦਾਨਗੀ ਦੀ ਬੱਧੀ ਏ ਦਸਤਾਰ
ਅਸੀਂ ਰਾਖੇ ਹਾਂ ਮਜ਼ਲੂਮ ਦੇ ਤੇ ਦੁੱਖੀਆਂ ਦੇ ਦਿਲਦਾਰ
ਅਸੀਂ ਸੰਤ ਸਿਪਾਹੀ ਦੇਸ਼ ਤੋਂ ਦੇਂਦੇ ਹਾਂ ਜਾਨਾਂ ਵਾਰ
ਅਸੀਂ ਵਾਸੀ ਦੇਸ਼ ਪੰਜਾਬ ਦੇ ਅਸੀਂ ਭਾਰਤ ਦੇ ਸਰਦਾਰ
ਅਸੀਂ ਪੱਖ ਸ਼ਰਾਫਤ ਦੇ ਖੜੇ ਨੇਕੀ ਦੇ ਖਿਦਮਤਗਾਰ
ਅਸਾਂ ਨਫਰਤ ਵੈਰ ਵਿਰੋਧ ਦੀ ਢਾਹ ਦੇਣੀ ਹਰ ਦੀਵਾਰ
ਤੇ ਚਾਲ ਵਦੇਸ਼ੀ ਦਖਲ ਦੀ ਕਰ ਦੇਣੀ ਏ ਬੇਕਾਰ

# ਤੁਰਿਆ ਇੰਜ ਵੀ ਜਾ ਸਕਦਾ ਹੈ

ਸੁਰਿੰਦਰ ਸਿੰਘ ਚੋਹਕਾ

—ਤੁਰਿਆ ਇੰਜ ਵੀ ਜਾ ਸਕਦਾ ਸੀ
ਕਾਲੀ ਰਾਤ ਵਿਚ ਔੜ ਮਾਰੀ ਧਰਤੀ ਤੇ,
ਜੇ ਹੱਥਾਂ ਵਿਚ ਵਿਚ—
ਸੂਹੀ ਸੋਚ ਦਾ ਸੂਰਜ ਫੜ ਕੇ ਚੱਲੇ ਹੁੰਦੇ।
—ਰਾਤ ਨੂੰ ਸ਼ਹਿਰ ਦੇ ਚੌਂਕਾਂ ਵਿਚ ਜਗਦੇ
ਦੂਧੀਆਂ ਬਲਬਾਂ ਦੀ ਰੋਸ਼ਨੀ ਤੋਂ ਵੀ
ਡਰ ਆਉਂਦਾ ਹੈ
ਉਸ ਰੋਸ਼ਨੀ 'ਚ
ਕਿਸੇ ਵੀ ਪਾਸਿਓਂ ਆ ਸਕਦੀ ਹੈ
ਗੋਲੀਆਂ ਚਲਣ ਦੀ ਆਵਾਜ਼
ਤੇ ਮਾਹੌਲ ਵਿਚ ਫੈਲ ਸਕਦਾ ਹੈ
—ਬੁੱਢੀਆਂ ਮਾਵਾਂ ਦਾ ਵਿਰਲਾਪ
—ਵਿਧਵਾਵਾਂ ਦੇ ਵੈਣ
ਤੇ ਮਾਸੂਮ ਬੱਚਿਆਂ ਦੀ ਕੁਰਲਾਹਟ।
—ਪਰ ਚਲਿਆ ਫਿਰ ਵੀ ਜਾ ਸਕਦਾ ਸੀ
ਜੇਕਰ ਪਹਿਰੇਦਾਰ-
ਰਤਾ ਕੁ ਵੀ ਜਾਗਦਾ ਹੁੰਦਾ।
ਪਹਿਰੇਦਾਰ ਤਾਂ ਸ਼ਾਇਦ
ਬਾਰੂਦ ਦੀ ਗੰਧ ਤੋਂ ਡਰਦਾ
ਸਹਿਮ ਕੇ ਸੌਂ ਗਿਆ ਹੈ।

—ਰਾਤ ਨੂੰ ਸ਼ਹਿਰ 'ਚ ਜਗਮਗਾਉਂਦੀ
ਦੂਧੀਆ ਰੋਸ਼ਨੀ ਤੋਂ ਵੀ ਡਰ ਆਉਂਦਾ ਹੈ
—ਬਾਰੂਦ ਦੀ ਗੰਧ ਤੋਂ ਡਰਕੇ
ਪਹਿਰੇਦਾਰ ਵੀ ਸੁੱਤਾਂ ਪਿਆ ਹੈ।
ਪਰ ਦੋਸਤ !
ਤੁਰਿਆ ਫਿਰ ਵੀ ਜਾ ਸਕਦਾ ਹੈ
ਕਾਲੀਆਂ ਰਾਤਾਂ 'ਚ ਔੜ ਮਾਰੀ ਧਰਤੀ ਤੇ
ਬਸ ! ਤੂੰ ਆਪਣੀਆਂ ਅੱਖਾਂ ਤੇ
ਵਿਸ਼ਵਾਸ ਦੀ ਐਨਕ ਚੜ੍ਹਾ ਕੇ
ਸੁਨਹਿਰੀ ਇਤਿਹਾਸ ਦੇ ਪੱਤਰੇ ਫਰੋਲੀਂ,
ਮੈਂ ਓਨੀ ਦੇਰ ਪਹਿਰੇ ਤੇ ਖਲੋਵਾਂਗਾ।
ਉਸ ਸੁਨਹਿਰੀ ਇਤਿਹਾਸ ਚੋਂ ਤੈਨੂੰ—
ਜ਼ਰੂਰ ਹੀ ਮਿਲੇਗੀ ਕੋਈ ਤਰਕੀਬ
ਆਪਣੇ ਹਮਸਫਰਾਂ ਨੂੰ ਪਹਿਚਾਣਕੇ—
ਉਨ੍ਹਾਂ ਸੰਗ ਰਲਣ ਦੀ।
ਬੱਸ ! ਤੂੰ ਆਪਣੀਆਂ ਅੱਖਾਂ 'ਤੇ
ਵਿਸ਼ਵਾਸ ਦੀ ਐਨਕ ਚੜ੍ਹਾ ਲਵੀਂ।

ਆਪਣੇ ਹਮਸਫ਼ਰਾਂ ਦੇ
ਕਾਫਲੇ ਤੱਕ ਦੀ ਤੇਜ਼ ਦੌੜ ਵਿਚ
ਮੈਂ ਤੇਰਾ ਹੱਥ ਫੜਕੇ ਚਲਾਂਗਾ।
ਹਾਂ !
ਤੁਰਿਆ ਇੰਜ ਵੀ ਜਾ ਸਕਦਾ ਹੈ ਦੋਸਤ !
ਕਾਲੀਆਂ ਰਾਤਾਂ 'ਚ
ਔੜ ਮਾਰੀ ਧਰਤੀ 'ਤੇ।

ਕਹਾਣੀ

# ਧਮਾਕਾ

## ਸੁਰਿੰਦਰ ਸਿੰਘ ਜੌਹਰ

ਸਾਰੇ ਦਫਤਰ ਵਿਚ ਧਮਾਕਾ ਹੋ ਗਿਆ ਸੀ। ਜਿਸ ਤਰਾਂ ਇਕ ਭੂਚਾਲ ਆ ਗਿਆ ਹੋ। ਰਘੂਨੰਦਨ ਭਾਟੀਆ ਦੀ ਸਾਡੇ ਦਫਤਰ ਵਿਚ ਬਦਲੀ ਹੋ ਗਈ ਸੀ ਉਹਦੇ ਆਉਣ ਤੇ ਪਹਿਲੇ ਦਿਨ ਹੀ ਬਰਾਂਡੇ ਵਿਚ ਚਹਿ ਮੋਹਿਗੋਈਆਂ ਹੋਣ ਲੱਗ ਪਈਆਂ। ਉਹ ਤਾਂ ਬੜਾ ਸਖਤ ਅਫਸਰ ਏ, ਕਿਸੇ ਨੂੰ ਮਾਫ ਨਹੀਂ ਕਰਦਾ ਉਸ ਆਪਣੀ ਲਾਹੀ ਹੋਈ ਏ ਤੇ ਦੂਜੇ ਦੀ ਲਾਹੁਣ 'ਚ ਦੋ ਮਿੰਟ ਨਹੀਂ ਲਗਾਂਦਾ। ਆਪਣੇ ਵਲੋਂ ਅਸੂਲਾਂ ਦੀ ਲੜਾਈ ਲੜਦਾ ਏ ਪਰ ਦੂਜਿਆਂ ਨੂੰ ਸੂਲੀ ਤੇ ਟੰਗੀ ਰਖਦਾ ਏ।

ਅਫਸਰ ਤੇ ਬਾਬੂ ਸਾਰੇ ਹੀ ਗੱਲਾਂ ਕਰਦੇ। ਲੋਕੀਂ ਕਹਿੰਦੇ ਸਨ, ਉਹ ਮੇਰਾ ਦੋਸਤ ਹੈ, ਮੇਰੇ ਨਾਲ ਪਹਿਲਾਂ ਵੀ ਕੰਮ ਕਰ ਚੁਕਿਆ ਹੈ। ਮੈਨੂੰ ਇਕ ਵਡੇ ਅਫ-ਸਰ ਨੇ ਬੁਲਾ ਕੇ ਪੁਛਿਆ : ਕੀ ਭਾਟੀਏ ਦਾ ਦਿਮਾਗ ਖਰਾਬ ਏ, ਤੂੰ ਉਸਨੂੰ ਕਿਉਂ ਨਹੀਂ ਸਮਝਾਂਦਾ। ਉਹ ਤੇਰੀ ਗੱਲ ਮੰਨਦਾ ਏ, ਤੂੰ ਉਸ ਨੂੰ ਸਮਝਾ ਕਿ ਹਰ ਇਕ ਨਾਲ ਪੰਗਾ ਲੈਣਾ ਕੋਈ ਚੰਗੀ ਗੱਲ ਨਹੀਂ। ਉਹ ਨੁਕਸਾਨ ਉਠਾਏਗਾ।

'ਉਹ ਆਪਣੀ ਮਰਜ਼ੀ ਦਾ ਮਾਲਕ ਏ, ਕਿਸੇ ਦੀ ਨਹੀਂ ਸੁਣਦਾ, ਮੇਰੀ ਗੱਲ ਮੰਨਦਾ ਏ ਤਾਂ ਘਰ ਦੇ ਮਾਮਲਿਆਂ 'ਚ ਉਹ ਦਫਤਰ ਦੀ ਕੋਈ ਗੱਲ ਮੇਰੇ ਨਾਲ ਕਰਨ ਨੂੰ ਤਿਆਰ ਨਹੀਂ।

ਫੇਰ ਤਾਂ ਬੜੀ ਮੁਸ਼ਕਲ ਬਣੇਗੀ ਉਹ ਸਾਡੀ ਹਰ ਕਾਰਵਾਈ ਤੇ ਨੁਕਤਾ-ਚੀਨੀ ਕਰੇਗਾ।

ਉਹ ਹਰ ਸਹੀ ਕਾਰਵਾਈ ਨੂੰ ਨਜ਼ਰ ਅੰਦਾਜ਼ ਕਰੇਗਾ, ਪਰ ਜਿਥੇ ਉਸ ਕੋਈ ਗਲਤੀ ਫੜ ਲਈ ਤਾਂ ਫਿਰ ਉਹ ਸਕੇ ਪਿਓ ਨੂੰ ਵੀ ਨਹੀਂ ਬਖਸ਼ੇਗਾ।'

'ਪਰ ਤੂੰ ਉਸ ਨੂੰ ਇਤਨਾ ਜ਼ਰੂਰ ਸਮਝਾ ਦੇ ਕਿ ਸਰਕਾਰ ਤਾਂ ਏਸੇ ਤਰਾਂ ਚਲਦੀ ਏ, ਬਹੁਤੀ ਟੰਗ ਅੜਾਣੀ ਠੀਕ ਨਹੀਂ।'

ਮੈਂ ਆਪਣੇ ਵਲੋਂ ਉਸ ਨੂੰ ਦਸ ਦਿਆਂਗਾ, ਪਰ ਉਮੀਦ ਬੜੀ ਘੱਟ ਏ, ਕਿਉਂਕਿ ਉਸ ਨੇ ਤਾਂ ਲੜਾਈ ਜਾਰੀ ਰਖਣੀ ਏ। ਸਰ, ਇਕ ਵਾਰੀ ਐਮਰਜੰਸੀ ਦੇ ਦਿਨਾਂ 'ਚ ਉਸਨੂੰ ਡਾਇਰੈਕਟਰ ਨੇ ਆਖਿਆ : 'ਮਿਸਟਰ ਭਾਟੀਆ, ਮਨਿਸਟਰੀ ਨੇ ਤੇਰੇ ਜਿੰਮੇ ਏਕ ਕਿਤਾਬ ਲਿਖਣ ਦੀ ਜਿੰਮੇਂਵਾਰੀ ਸੌਂਪੀ ਏ।'

ਬੜੀ ਖੁਸ਼ੀ ਦੀ ਗੱਲ ਏ ਪਰ ਕਿਤਾਬ ਦਾ ਵਿਸ਼ਾ ਕੀ ਹੋਏਗਾ ? ਉਸ ਨੇ ਪੁਛਿਆ।

ਸਰਕਾਰ ਦੀਆਂ ਬਿਜਲੀ ਦੇ ਖੇਤਰ 'ਚ ਪ੍ਰਾਪਤੀਆਂ।

'ਹੈਂ ਬਿਜਲੀ ਦੇ ਖੇਤਰ 'ਚ ਪ੍ਰਾਪ-ਤੀਆਂ', ਏਹ ਤੁਸੀਂ ਕੀ ਆਖ ਰਹੇ ਹੋ, ਬਿਜਲੀ ਤਾਂ ਕਿਸੇ ਨੂੰ ਮਿਲਦੀ ਨਹੀਂ, ਕਾਰਖਾਨਿਆਂ ਨੂੰ ਨਹੀਂ ਮਿਲਦੀ, ਖੇਤਾਂ ਦੀ ਸਿੰਚਾਈ ਲਈ ਨਹੀਂ ਮਿਲਦੀ, ਘਰਾਂ 'ਚ ਨਹੀਂ ਮਿਲਦੀ, ਫੇਰ ਤੁਸੀਂ ਕਿਹੜੀ ਬਿਜਲੀ ਦੀ ਗੱਲ ਕਰ ਰਹੇ ਹੋ ?

'ਤੇਰਾ ਇਹਦੇ ਨਾਲ ਕੋਈ ਵਾਸਤਾ ਨਹੀਂ', ਤੈਨੂੰ ਕਿਤਾਬ ਲਿਖਣ ਲਈ ਹੁਕਮ ਮਿਲਿਆ ਏ, ਤੂੰ ਹੁਕਮ ਦੀ ਪਾਲਣਾ ਕਰ।

'ਮੈਂ ਝੂਠ ਨਹੀਂ ਬੋਲ ਸਕਦਾ ਹਾਂ, ਨਾ ਲਿਖ ਸਕਦਾ ਹਾਂ। ਤੁਸੀਂ ਇਹ ਕੰਮ ਕਿਸੇ ਹੋਰ ਨੂੰ ਸੌਂਪ ਦਿਉ।'

ਤੁਹਾਨੂੰ ਕਿਤਾਬ ਲਿਖਣੀ ਪਏਗੀ, ਏਹ ਸਰਕਾਰ ਦਾ ਹੁਕਮ ਏ।'

'ਮੇਰੇ ਕੋਲੋਂ ਏਹੋ ਜਿਹੀ ਕਿਤਾਬ ਨਹੀਂ ਲਿਖੀ ਜਾਣੀ। ਆਈ ਐਮ ਵੇਰੀ ਸੌਰੀ।' ਆਖ ਕੇ ਭਾਟੀਆ ਕਮਰੇ ਵਿਚੋਂ ਬਾਹਰ ਨਿਕਲ ਆਇਆ। ਅਫਸਰ ਤਿਲਮਿਲਾ ਰਿਹਾ ਸੀ। ਉਹ ਮਨਿਸਟਰੀ ਨੂੰ ਕੀ ਜੁਆਬ ਦੇਵੇ। ਉਹ ਡੂੰਘੀਆਂ ਸੋਚਾਂ ਵਿਚ ਡੁੱਬ ਗਿਆ ਸੀ। ਮਨਿਸਟਰੀ ਆਖੇਗੀ ਕਿ ਉਹਦਾ ਮਾਤਹਿਤਾਂ ਤੇ ਕੋਈ ਕੰਟਰੋਲ ਨਹੀਂ। ਉਸ ਨੂੰ ਆਪ ਨਮੋਸ਼ੀ ਦਾ ਸਾਹਮਣਾ ਕਰਨਾ ਪਏਗਾ। ਥੋੜੇ ਦਿਨਾਂ ਮਗਰੋਂ ਭਾਟੀਏ ਦੀ ਉਸ ਦਫਤਰ ਵਿਚੋਂ ਬਦਲੀ ਹੋ ਗਈ ਸੀ। ਅਫਸਰ ਨੇ ਮਨਿਸਟਰੀ ਦੇ ਵਡੇ ਅਫਸਰਾਂ ਨਾਲ ਜ਼ਬਾਨੀ ਗੱਲ ਕਰ ਲਈ ਸੀ। ਹੁਣ ਤੁਸੀਂ ਹੀ ਦਸੋ ਇਹੋ ਜਿਹੇ ਬੰਦੇ ਨਾਲ ਕਿਸ ਤਰਾਂ ਨਿਬੜੋਗੇ। ਅਫਸਰ ਸੋਚੀਂ ਪੈ ਗਿਆ। ਉਹਦੇ ਚਿਹਰੇ ਦੇ ਕਈ ਰੰਗ ਬਦਲੇ, ਪਰ ਉਪਰੋਂ ਉਸ ਆਪਣੀ ਸ਼ਾਨ ਰੱਖਣ ਲਈ ਆਖਿਆ : ਅੱਛਾ ਤੂੰ ਉਹਦੇ ਨਾਲ ਕੋਈ ਗੱਲ ਨਾ ਕਰੀਂ। ਮੈਂ ਆਪੇ ਉਸ ਨੂੰ ਠੀਕ ਕਰ ਲਵਾਂਗਾ।

ਅਗਲੇ ਦਿਨ ਭਾਟੀਆ ਦਫਤਰ ਪਹੁੰਚਿਆ ਤਾਂ ਉਹਦਾ ਪੀ. ਏ. ਅਮਰ ਨਾਥ ਹਾਲੇ ਤਕ ਨਹੀਂ ਸੀ ਆਇਆ, ਭਾਵੇਂ ਦਫਤਰ ਆਉਣ ਦਾ ਵਕਤ ਹੋ ਗਿਆ ਸੀ। ਉਸ ਇਧਰ ਉਧਰ ਵੇਖਿਆ ਸ਼ਾਇਦ ਚਪੜਾਸੀ ਦੀਨਾ ਨਾਥ ਹੀ ਗਿਆ ਹੋਵੇ, ਪਰ ਦੀਨਾ ਨਾਥ ਉਸ ਨੂੰ ਕਿਤੇ ਦਿਖਾਈ ਨਾ ਦਿੱਤਾ। ਉਹ ਆਪ ਉਠਕੇ ਬਰਾਂਡੇ ਦੇ ਚੱਕਰ ਲਗਾਣ ਲੱਗਾ, ਪਰ ਦੀਨਾ ਨਾਥ ਕਿਤੇ ਦਿਖਾਈ ਨਾ ਦਿਤਾ। 'ਅਜੀਬ ਹਾਲਤ ਏ ਇਸ ਦਫਤਰ ਦੀ।' ਉਸ ਆਖਿਆ ਤੇ ਕੰਮ ਵਿਚ ਰੁੱਝ ਗਿਆ। ਗਿਆਰਾਂ ਵੱਜ ਗਏ ਤਾਂ ਅਮਰ ਨਾਥ ਨੇ ਸ਼ਕਲ ਦਿਖਾਈ।

ਗੁਡ ਮਾਰਨਿੰਗ ਸਰ।' ਅਮਰ-ਨਾਥ ਨੇ ਬੜੀ ਨਿਮਰਤਾ ਨਾਲ ਆਖਿਆ।

ਵੈਰੀ ਗੁਡ ਮਾਰਨਿੰਗ ਟੂ ਯੂ।' ਪਰ

ਏਹ ਕੋਈ ਦਫਤਰ ਆਣ ਦਾ ਵਕਤ ਏ।'

'ਹਾਲੇ ਤਾਂ ਗਿਆਰਾਂ ਈ ਵਜੇ ਨੇ।

ਦਫਤਰ ਆਣ ਦਾ ਕੀ ਵਕਤ ਏ ?

'ਨੌ ਵਜੇ।

'ਸਰ ਮੈਂ ਤਾਂ ਪਿਛਲੇ ਪੰਜ ਸਾਲਾਂ ਤੋਂ ਏਸੇ ਵਕਤ ਦਫਤਰ ਆ ਰਿਹਾ ਹਾਂ, ਅੱਜ ਤਕ ਕਿਸੇ ਨਹੀਂ ਪੁਛਿਆ।'

'ਕਲ੍ਹ ਤੂੰ ਪੂਰੇ ਨੌ ਵਜੇ ਆਪਣੀ ਸੀਟ ਤੇ ਹੋਣਾ ਚਾਹੀਦਾ ਏਂ।'

ਅਮਰ ਨਾਥ ਨੇ ਕੋਈ ਜੁਆਬ ਨ ਦਿਤਾ ਤੇ ਸਿਰ ਲਟਕਾ ਕੇ ਕਮਰੇ ਵਿਚ ਹੀ ਇਕ ਪਾਸੇ ਖਲੋਤਾ ਰਿਹਾ। ਭਾਟੀਏ ਨੇ ਫਿਰ ਉਸ ਨੂੰ ਪੁਛਿਆ :

'ਦੀਨਾ ਨਾਥ ਕਿਥੇ ਏ।'

'ਸਰ ਆਂਦਾ ਹੀ ਹੋਏਗਾ'। ਤੁਸੀਂ ਜਾਣਦੇ ਹੋ ਅੱਜ ਕੱਲ ਦਿਲੀ ਦੀ ਬਸ ਸਰਵਿਸ ਕਿਤਨੀ ਖਰਾਬ ਏ, ਲਾਇਨ ਲਗਦੀ ਏ, ਖਲੋਵੋ ਭਾਵੇਂ ਨਾ ਖਲੋਵੋ ਕੋਈ ਪੁਛਣ ਵਾਲਾ ਨਹੀਂ।

'ਦੀਨਾ ਨਾਥ ਜਿਸ ਵੇਲੇ ਆਵੇ, ਮੇਰੇ ਵੱਲ ਭੇਜ ਦੇਣਾ।'

'ਸਰ।'

'ਹਾਂ ਤੇ ਅੱਗੋਂ ਲਈ ਹਾਜ਼ਰੀ ਦਾ ਰਜਿਸਟਰ ਮੇਰੇ ਕੋਲ ਰਹੇਗਾ। ਜਿਸ ਵੇਲੇ ਕੋਈ ਆਏਗਾ। ਆਪਣੀ ਹਾਜ਼ਰੀ ਏਥੇ ਆਕੇ ਲਗਾਏਗਾ।'

'ਮੈਂ ਰਜਿਸਟਰ ਰਖਵਾ ਦਿਆਂਗਾ।

ਬਾਕੀ ਲੋਕ ਸ਼ੈਕਸ਼ਨ 'ਚ ਕਿਤਨੇ ਵਜੇ ਆਂਦੇ ਨੇ।

ਜੀ, ਆਂਦੇ ਈ ਹੋਣਗੇ।'

'ਕਲ੍ਹ ਤੋਂ ਸਾਰੇ ਨੌ ਵਜੇ ਆਣਗੇ। ਤੂੰ ਸਾਰਿਆਂ ਨੂੰ ਦੱਸ ਦੇ।'

ਸਰ ਦੱਸ ਦਿਆਂਗਾ।' ਅਮਰ ਨਾਥ ਨੇ ਆਖ ਤਾਂ ਦਿੱਤਾ ਪਰ ਉਹਦੇ ਚਿਹਰੇ ਦੀ ਪਲਿੱਤਣ ਸਾਫ ਦਿਖਾਈ ਦੇ ਰਹੀ ਸੀ। ਉਹ ਮੂੰਹ ਲਟਕਾ ਕੇ ਕਮਰੇ ਵਿਚੋਂ ਬਾਹਰ ਨਿਕਲ ਗਿਆ।

ਦੂਜੇ ਦਿਨ ਭਾਟੀਏ ਨੇ ਆਉਂਦਿਆਂ ਹੀ ਹਾਜ਼ਰੀ ਦਾ ਰਜਿਸਟਰ ਮੰਗਵਾਇਆ। ਸਾਰੇ ਸਟਾਫ ਦੀ ਹਾਜ਼ਰੀ ਲੱਗੀ ਹੋਈ ਸੀ ਤੇ ਆਉਣ ਦਾ ਵਕਤ ਨੌ ਵਜੇ ਭਰਿਆ ਹੋਇਆ ਸੀ ਤੇ ਜਾਣ ਦਾ ਵਕਤ ਪੰਜ ਵਜੇ ਦੀ ਬਜਾਏ ਰਾਤ ਦੇ ਨੌ ਵਜੇ। ਭਾਟੀਆ

ਹੈਰਾਨ ਹੋ ਗਿਆ, ਉਸ ਨੂੰ ਜਾਪਿਆ ਉਸਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਰਹੀ ਏ ਤੇ ਉਹ ਜ਼ਮੀਨ ਵਿਚ ਧਸ ਜਾਏਗਾ।

ਉਸ ਅਮਰਨਾਥ ਨੂੰ ਪੁਛਿਆ।

'ਇਹ ਕੀ ਚੱਕਰ ਏ। ਸ਼ਾਮ ਨੂੰ 7 ਵਜੇ ਮੈਂ ਦਫਤਰੋਂ ਗਿਆ ਸਾਂ ਏਥੇ ਕੋਈ ਵੀ ਨਹੀਂ ਸੀ। ਸਾਰੇ ਪੰਜ ਵਜੇ ਚਲੇ ਗਏ ਸਨ।'

ਸਰ ਬੜੀ ਮਹਿੰਗਾਈ ਏ, ਓਵਰ ਟਾਈਮ ਬਨਾਣਾ ਪੈਂਦਾ ਏ, ਚਾਰ ਪੈਸੇ ਬਣ ਜਾਂਦੇ ਨੇ, ਬਚਿਆਂ ਦਾ ਪੇਟ ਪਾਲ ਲਈਦਾ ਏ।'

'ਮਹਿੰਗਾਈ ਤਾਂ ਹੋਏਗੀ ਪਰ ਕਲ੍ਹ ਤੋਂ ਕਿਸੇ ਦਾ ਓਵਰ ਟਾਈਮ ਦਾ ਬਿਲ ਨਹੀਂ ਬਣੇਗਾ। ਤੂੰ ਸਾਰੇ ਸਟਾਫ ਨੂੰ ਬੁਲਾ ਮੈਂ ਗੱਲ ਕਹਾਂਗਾ।' ਥੋੜੀ ਦੇਰ ਮਗਰੋਂ ਜਦ ਸਾਰੇ ਆ ਗਏ ਤਾਂ ਭਾਟੀਏ ਨੇ ਆਖਿਆ 'ਅੱਜ ਤੋਂ ਬਾਦ ਕਿਸੇ ਨੂੰ ਕੋਈ ਓਵਰ ਟਾਈਮ ਨਹੀਂ ਮਿਲੇਗਾ। ਵਕਤ ਵਕਤ ਸਿਰ ਦਫਤਰ ਆਉ ਤੇ ਵਕਤ ਸਿਰ ਘਰ ਜਾਉ। ਉਸੇ ਵਕਤ 'ਚ ਆਪਣਾ ਕੰਮ ਖਤਮ ਕਰੋ।

'ਸਰ ਏਸ ਤਰਾਂ ਬੜੀ ਮੁਸ਼ਕਲ ਪੇਸ਼ ਆਏਗੀ।

'ਕੀ ਮੁਸ਼ਕਲ ਏ, ਦਸੋ।'

'ਵਕਤ 'ਚ ਤਾਂ ਕੰਮ ਮੁਕਦਾ ਈ ਨਹੀਂ।'

'ਪਰ ਕੀ ਕੋਈ ਪੰਜ ਵਜੇ ਤੋਂ ਬਾਦ ਬੈਠਿਆ ਵੀ ਏ।' ਸਾਰਿਆਂ ਦੇ ਚਿਹਰਿਆਂ ਦੀਆਂ ਹਵਾਈਆਂ ਉਡ ਗਈਆਂ।

'ਤੁਸੀਂ ਹੁਣ ਜਾ ਸਕਦੇ ਹੋ, ਏਹ ਮੇਰਾ ਆਖਰੀ ਫੈਸਲਾ ਏ। ਸਾਰੇ ਚਲੇ ਗਏ ਪਰ ਬਰਾਂਡੇ ਵਿਚ ਜਾਕੇ ਆਪਸ ਵਿੱਚ ਗੱਲਾਂ ਕਰਨ ਲਗੇ।

'ਬੜਾ ਕੱਬਾ ਅਫਸਰ ਏ ਏਹਦੇ ਨਾਲ ਗੁਜ਼ਾਰਾ ਕਿਸ ਤਰਾਂ ਹੋਏਗਾ। ਮੈਂ ਤਾਂ ਆਪਣੀ ਬਦਲੀ ਦੂਜੇ ਸੈਕਸ਼ਨ ਵਿਚ ਕਰਵਾ ਲਵਾਂਗਾ, ਹੋਰ ਚਾਰਾ ਵੀ ਕੀ ਏ, ਸਾਲਾ ਕਮੀਨਾ, ਪਤਾ ਨਹੀਂ ਕਿਥੋਂ ਆ ਗਿਆ ਏ।'

ਉਸ ਦਿਨ ਕਿਸੇ ਨੇ ਦਫਤਰ ਵਿਚ ਕੋਈ ਕੰਮ ਨਾ ਕੀਤਾ। ਸ ਰੇ ਲੋਕ ਭਾਟੀਏ ਦੀਆਂ ਹੀ ਗੱਲਾਂ ਕਰਦੇ ਰਹੇ। ਚਾਹ ਪੀਂਦੇ ਰਹੇ, ਉਸ ਨੂੰ ਕੋਸਦੇ ਰਹੇ। ਅਜੀਬ ਤਰਾਂ ਦਾ ਮਾਹੌਲ ਸੀ। ਤਣਾਉ ਸੀ। ਘੁਟਣ ਸੀ। ਅਖੀਰ ਫੈਸਲਾ ਹੋਇਆ ਕਿ ਸਭ ਤੋਂ ਵੱਡੇ ਅਫਸਰ ਨਾਲ ਮਿਲਕੇ ਗੱਲ ਕੀਤੀ ਜਾਏ ਤੇ ਉਸ ਕੋਲੋਂ ਮਿਲਣ ਦਾ ਵਕਤ ਮੰਗਿਆ ਜਾਏ।

'ਵੇਖਦੇ ਹਾਂ, ਕੌਣ ਸਾਡਾ ਓਵਰ ਟਾਈਮ ਬੰਦ ਕਰਦਾ ਏ। ਅਮਰ ਨਾਥ ਨੇ ਆਖਰੀ ਫੈਸਲਾ ਸੁਣਾ ਦਿਤਾ।

ਅਗਲੇ ਦਿਨ ਜਦ ਅਮਰਨਾਥ ਫਿਰ ਗਿਆਰਾਂ ਵਜੇ ਦਫਤਰ ਪਹੁੰਚਿਆ ਤਾਂ ਭਾਟੀਏ ਨੇ ਉਸ ਨੂੰ ਪੁਛਿਆ :

ਅੱਜ ਤੂੰ ਫੇਰ ਦੇਰ ਨਾਲ ਆਇਆ ਏਂ ?

'ਹਾਂ ਜੀ ਬੜੀ ਕੋਸ਼ਿਸ਼ ਕੀਤੀ ਸੀ, ਬੱਸ ਨਹੀਂ ਮਿਲੀ।'

ਤੂੰ ਅੱਧੇ ਦਿਨ ਦੀ ਛੁੱਟੀ ਲਈ ਆਪਣੀ ਅਰਜੀ ਦੇ ਦੇ।

'ਦੇ ਦਿੰਦਾ ਹਾਂ।

ਇਕ ਹੋਰ ਬ ਬੂ ਆਇਆ ਤਾਂ ਭਾਟੀਏ ਨੇ ਉਸ ਨੂੰ ਵੀ ਪੁਛਿਆ :

ਅੱਜ ਫੇਰ ਦੇਰ ਨਾਲ ਕਿਉਂ ਆਇਆ ਏ ?

ਮੇਰੀ ਬੀਵੀ ਬਿਮਾਰ ਏ, ਉਸ ਨੂੰ ਡਿਸਪੈਂਸਰੀ ਲੈਕੇ ਗਿਆ ਸਾਂ, ਤੁਸੀਂ ਜਾਣਦੇ ਹੋ। ਡਿਸਪੈਂਸਰੀ 'ਚ ਲੱਗੀ ਲਾਈਨ। ਏਸ ਲਈ ਦੇਰੀ ਹੋ ਗਈ।'

'ਮੈਨੂੰ ਨਹੀਂ ਪਤਾ, ਅੱਗੋਂ ਤੋਂ ਵਕਤ ਸਿਰ ਆਣਾ ਏ। ਅੱਜ ਇਥੇ ਅੱਧੇ ਦਿਨ ਦੀ ਛੁਟੀ ਦੀ ਅਰਜ਼ੀ ਦੇ ਦੇ।'

'ਦੇ ਦਿਆਂਗਾਂ।' ਬਾਬੂ ਆਖ ਤਾਂ ਗਿਆ ਪਰ ਉਸ ਸੋਚਿਆ, ਇਸ ਤਰਾਂ ਕਦ ਤਕ ਚ ਲੇਗਾ, ਬਾਰਾਂ ਛੁੱਟੀਆਂ ਤਾਂ ਇਕ ਮਹੀਨੇ 'ਚ ਈ ਖਤਮ ਹੋ ਜਾਣਗੀਆਂ। ਅੱਗੋਂ ਕੀ ਬਣੇਗਾ, ਵਕਤ ਸਿਰ ਤਾਂ ਉਹ ਆ ਨਹੀਂ ਸਕਦਾ। ਸਵੇਰੇ ਨੌਂ ਵਜੇ ਤਾਂ ਉਹ ਟਿਊਸ਼ਨ ਪੜਾਉਣ ਜਾਂਦਾ ਹੈ।

ਦਫਤਰ ਵਿਚ ਬੜੀ ਬੇਚੈਨੀ ਸੀ, ਹਿਲਜੁਲ ਸੀ। ਭਾਟੀਆ ਕਈ ਸੈਕਸ਼ਨਾਂ ਦਾ ਇੰਚਾਰਜ ਸੀ। ਤਕਰੀਬਨ ਅੱਧਾ ਦਫਤਰ ਉਹਦੇ ਮਾਤਹਿਤ ਸੀ।

ਸ਼ੁੱਕਰਵਾਰ ਆ ਗਿਆ। ਅਫਸਰਾਂ ਦੀ ਹਫਤਾਵਾਰ ਮੀਟਿੰਗ ਸੀ। ਸਾਰੇ ਅਫ-ਸਰ ਅੰਦਰੋ ਅੰਦਰ ਡਰੇ ਹੋਏ ਸਨ। ਇਸ ਭਾਟੀਏ ਨੇ ਕਿਸੇ ਨੂੰ ਨਹੀਂ ਬਖਸ਼ਣਾ। ਸਾਰੇ ਹੀ ਮੇਲੇ ਸਨ। ਮੀਟਿੰਗ ਦੀ ਸਭ ਤੋਂ ਵੱਡਾ ਅਫਸਰ ਪ੍ਰਧਾਨਗੀ ਕਰ ਰਿਹਾ ਸੀ। ਉਸ ਦਸਿਆ :

'ਮਨਿਸਟਰ ਤੋਂ ਨਵਾਂ ਹੁਕਮ ਆਇਆ ਏ ਕਿ ਸਾਰੇ ਅਫਸਰ ਤੇ ਕਰਮ-ਚਾਰੀ ਦਫਤਰ ਵਕਤ ਸਿਰ ਆਣ, ਓਵਰ ਟਾਈਮ ਘੱਟ ਤੋਂ ਘੱਟ ਦਿੱਤਾ ਜਾਏ, ਸਰ-ਕਾਰੀ ਕਾਰਾਂ ਸਿਰਫ ਖਾਸ ਖਾਸ ਸਮੇਂ ਈ ਵਰਤੀਆਂ ਜਾਣ। ਦਫਤਰ ਦੀ ਪੂਰੀ ਤਰਾਂ ਸਫਾਈ ਰੱਖੀ ਜਾਏ।'

ਵੱਡਾ ਸਾਹਿਬ ਬੋਲ ਕੇ ਹਟਿਆ ਤਾਂ ਇਕ ਅਫਸਰ ਨੇ ਆਖਿਆ : 'ਜੇ ਓਵਰ ਟਾਈਮ ਨਾ ਦਈਏ ਤਾਂ ਕੋਈ ਬਾਬੂ ਕੰਮ ਨਹੀਂ ਕਰਦਾ, ਵਕਤ ਸਿਰ ਤਾਂ ਕੋਈ


ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ

ROYAL FURNITURE

ਰੌਇਲ ਫਰਨੀਚਰ ਲਿਮ:

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ.

Ph. 874-9525

• ਲਿਵਿੰਗ ਰੂਮ • ਡਾਇਨਿੰਗ ਰੂਮ
• ਬੈਡ ਰੂਮ ਅਤੇ

ਹਰ ਕਿਸਮ ਦਾ ਫਰਨੀਚਰ ਸਾਥੋਂ ਖ਼ਰੀਦੋ


PAUL TOOR

ਪਹੁੰਚ ਈ ਨਹੀਂ ਸਕਦਾ, ਬੱਸਾਂ ਦੀ ਬੜੀ ਵੱਡੀ ਪ੍ਰਾਬਲਮ ਏ, ਫੇਰ ਸੌ ਦੁੱਖ ਸੁੱਖ ਨੇ, ਕਿਸੇ ਹਸਪਤਾਲ ਜਾਣਾ ਹੁੰਦਾ ਏ । ਸੌ ਕੰਮ ਹੋਰ ਹੁੰਦੇ ਨੇ ।'

'ਸਰ ਮੈਨੂੰ ਬੋਲਣ ਦੀ ਆਗਿਆ ਦਿਤੀ ਜਾਏ ।' ਭਾਟੀਏ ਨੇ ਆਖਿਆ । 'ਦਸੋ ਕੀ ਕਹਿਣਾ ਚਾਹੁੰਦੇ ਹੋ ?'

'ਤਾਂ ਸੁਣੋ, ਏਸ ਦਫਤਰ 'ਚ ਓਵਰ ਟਾਈਮ ਦੇ ਬੋਗਸ ਬਿੱਲ ਬਣਦੇ ਨੇ, ਕੋਈ 5 ਵਜੇ ਤੋਂ ਬਾਅਦ ਨਹੀਂ ਬੈਠਦਾ ਪਰ ਰਜਿਸਟਰ 'ਚ ਜਾਣ ਦਾ ਸਮਾਂ ਨੌਂ ਵਜੇ ਭਰਦੇ ਨੇ । ਅਫਸਰ ਵੀ ਕਾਰਾਂ ਦਾ ਨਜਾਇਜ ਇਸਤਿਮਾਲ ਕਰਦੇ ਨੇ, ਉਹ ਘਰ ਗੱਡੀਆਂ ਮੰਗਵਾਂਦੇ ਨੇ, ਆਂਦੇ ਦਸ ਵਜੇ ਨੇ ਤੇ ਲਾਗ ਬੁਕ 'ਚ 8 ਵਜੇ ਦਾ ਵਕਤ ਭਰਦੇ ਨੇ, ਕਈ ਕਰਮਚਾਰੀ ਕਈ ਕਈ ਦਿਨ ਦਫਤਰ ਨਹੀਂ ਆਂਦੇ । ਛੁੱਟੀ ਦੀ ਅਰਜ਼ੀ ਜਿਹੜੀ ਦੇ ਕੇ ਜਾਂਦੇ ਨੇ, ਦੂਜੇ ਦਿਨ ਆ ਕੇ ਫਾੜ ਦਿੰਦੇ ਨੇ, ਏਸ ਰੈਕਟ ਨੂੰ ਬੰਦ ਕਰਨਾ ਪਏਗਾ । ਮੈਂ ਇਹ ਨਹੀਂ ਚੱਲਣ ਦਿਆਂਗਾ । ਪਰ ਏਹ ਬੀਮਾਰੀ ਤਦੇ ਰੁਕ ਸਕਦੀ ਏ ਜੇ ਵੱਡੇ ਸਾਹਿਬ ਖਾਸ ਕਰਕੇ ਨੰਬਰ ਵਨ ਤੇ ਨੰਬਰ ਟੂ ਕਾਰਾਂ ਦਾ ਨਜਾਇਜ਼ ਇਸਤਿਮਾਲ ਨਾ ਕਰਨ, ਝੂਠੇ ਓਵਰ-ਟਾਈਮ ਬਿੱਲਾਂ ਤੇ ਦਸਤਖਤ ਨਾ ਕਰਨ ।'

'ਸਰ ਆਈ ਪ੍ਰੋਟੈਸਟ ।' ਅਫਸਰ ਨੰਬਰ ਟੂ ਨੇ ਆਖਿਆ ।

'ਕੀ ਗੱਲ ਏ', ਵੱਡੇ ਸਾਹਿਬ ਨੇ ਪੁਛਿਆ ।

'ਏਹ ਸਾਡੇ ਤੇ ਜ਼ਾਤੀ ਹਮਲੇ ਕਰ ਰਿਹਾ ਏ, ਮੈਂ ਵਾਕ-ਆਊਟ ਕਰ ਰਿਹਾ ਹਾਂ ।'

'[illegible] ਜਾਣਾ ।' ਭਾਟੀਏ ਨੇ ਕੜਕ ਆਖਿਆ ।

ਸ਼ੋਰ ਮੱਚ ਗਿਆ ।' ਸਾਈਲੈਂਸ ਪਲੀਜ਼ ।' ਵੱਡੇ ਸਾਹਿਬ ਨੇ ਮੇਜ਼ ਤੇ ਮੁੱਕਾ ਮਾਰਦਿਆਂ ਆਖਿਆ ।

'ਵੇਖੋ ਏਹ ਫੇਰ ਮੇਰੀ ਬੇਇਜ਼ਤੀ ਕਰ ਰਿਹਾ ਏ ।' ਅਫਸਰ ਨੰਬਰ ਟੂ ਮਰਵਾਹ ਨੇ ਆਖਿਆ ।

'ਮਰਵਾਹ ਆਪ ਕੁਰੱਪਟ ਏ, ਅਫਸਰਾਂ ਕੋਲੋਂ ਵਿਸਕੀ ਪੀਂਦਾ ਏ, ਗੱਡੀ ਘਰ ਮੰਗਵਾਂਦਾ ਏ ।'

'ਸ਼ਟ ਅਪ ।'

'ਯੂ ਸ਼ਟ ਅਪ ।'

'ਸਾਈਲੈਂਸ ਪਲੀਜ਼ ।'

'ਮੈਂ ਸਭ ਦਾ ਭਾਂਡਾ ਫੋੜ ਦਿਆਂਗਾ ।' ਭਾਟੀਏ ਨੇ ਆਖਿਆ ।

'ਪਲੀਜ਼ ਕੀਪ ਕਵਾਇਟ' ਥੈਂਕ ਯੂ, ਬਾਕੀ ਗੱਲਾਂ ਅਗਲੀ ਮੀਟਿੰਗ 'ਚ । ਆਖ ਕੇ ਬੜੇ ਸਾਹਿਬ ਨੇ ਮੀਟਿੰਗ ਬਰਖਾਸਤ ਕਰ ਦਿਤੀ । ਅਫਸਰ ਉਠ ਖਲੋਤੇ । ਭਾਟੀਏ ਨੇ ਮੈਨੂੰ ਆਖਿਆ : ਤੂੰ ਕਿਉਂ ਨਹੀਂ ਬੋਲਿਆ ਤੂੰ ਵੀ ਇਨ੍ਹਾਂ ਨਾਲ ਮਿਲਿਆ ਹੋਇਆ ਏ ।'

'ਚਲ ਜਾਣ ਦੇ, ਚਲ, ਚਲ ਕੇ ਕੌਫੀ ਪੀਂਦੇ ਹਾਂ ।'

ਮੈਂ ਉਸ ਨੂੰ ਠੰਡਾ ਕਰਨ ਲਈ ਆਖਿਆ ।

'ਮੈਨੂੰ ਸਭ ਪਤਾ ਏ, ਵੱਡਾ ਸਾਹਿਬ ਵੀ ਮਹਾਨ ਚੋਰ ਏ, ਵਿਸਕੀ ਦੀਆਂ ਬੋਤਲਾਂ ਉਹਦੇ ਘਰ ਪਹੁੰਚਦੀਆਂ ਨੇ ।'

'ਚੱਲ ਵੀ ਹੁਣ ।' ਮੈਂ ਭਾਟੀਏ ਨੂੰ ਪਕੜ ਕੇ ਕੌਫੀ ਹਾਊਸ ਵੱਲ ਲੈ ਗਿਆ ।

ਕੁਝ ਦਿਨਾਂ ਮਗਰੋਂ ਕਰਮਚਾਰੀ ਵੱਡੇ ਸਾਹਿਬ ਨੂੰ ਮਿਲੇ । ਉਹਨਾਂ ਆਖਿਆ ।'

'ਸਾਡੀ ਭਾਟੀਏ ਦੇ ਸੈਕਸ਼ਨ 'ਚੋਂ ਬਦਲੀ ਕਰ ਦਿਓ ।'

ਤੁਸੀਂ ਚਾਹੁੰਦੇ ਕੀ ਹੋ ।'

'ਅੱਜ ਕੱਲ ਓਵਰ ਟਾਈਮ ਬਿਨਾਂ ਸਰਦਾ ਨਹੀਂ ।'

'ਤੁਹਾਡੇ ਓਵਰ ਟਾਈਮ ਦੇ ਬਿੱਲਾਂ ਤੇ ਮੈਂ ਦਸਤਖਤ ਕਰ ਦਿਆਂਗਾ ਜਾਂ ਮਰਵਾਹ ਸਾਹਿਬ ਕੋਲੋਂ ਕਰਵਾ ਲੈਣਾ ।'

'ਥੈਂਕ ਯੂ ਸਰ ।'

ਥੋਹੜੇ ਦਿਨ ਹੋਰ ਬੀਤ ਗਏ । ਭਾਟੀਆ ਬੜਾ ਪਰੇਸ਼ਾਨ ਰਿਹਾ । ਉਹਦੀ ਗੱਲ ਕੋਈ ਨਹੀਂ ਸੀ ਸੁਣਦਾ । ਫਿਰ ਇਕ ਦਿਨ ਭਾਟੀਏ ਦੀ ਨਵੀਂ ਦਿੱਲੀ ਤੋਂ ਗੋਹਾਟੀ ਦੀ ਬਦਲੀ ਦੇ ਆਰਡਰ ਆ ਗਏ । ਸਾਰੇ ਦਫਤਰ ਵਿਚ ਖੁਸ਼ੀ ਦੀ ਲਹਿਰ ਦੌੜ ਗਈ । ਕਰਮਚਾਰੀਆਂ ਨੇ ਪਾਰਟੀਆਂ ਕੀਤੀਆਂ । ਅਫਸਰਾਂ ਨੇ ਖੁਸ਼ੀ ਦੇ ਸ਼ਾਦਿਆਨੇ ਵਜਾਏ । ਮੇਰਾ ਦੋਸਤ ਮੇਰੇ ਕੋਲੋਂ ਨਿਖੜ ਗਿਆ ਸੀ ।



(ਸਫ਼ਾ ੧ ਦੀ ਬਾਕੀ)

ਮਜ਼ਬੂਤ ਬਣਾਉਂਦੇ ਹੋਏ, ਪਿੰਡਾਂ ਵਿਚ ਸਾਂਝੀ ਸੁਰੱਖਿਆ ਦਾ ਪ੍ਰਬੰਧ ਕਰੀਏ । ਮਿਹਨਤਕਸ਼ਾਂ ਦੀ ਏਕਤਾ ਪੰਜਾਬੀ ਲੋਕਾਂ ਦੀ ਏਕਤਾ ਦੇ ਵੈਰੀਆਂ ਅਤੇ ਦੇਸ਼ ਦੀ ਏਕਤਾ ਅਖੰਡਤਾ ਨੂੰ ਭੰਗ ਕਰਨ ਵਾਲੇ ਅਨਸਰਾਂ ਅਤੇ ਸਾਮਰਾਜੀ ਸਾਜ਼ਸ਼ਾਂ ਨੂੰ ਅਸਫਲ ਬਣਾਈਏ । ਇਹ ਕੰਮ ਹੁਣ ਹਾਕਮ ਸਰਮਾਏਦਾਰ-ਜਗੀਰਦਾਰ ਜ਼ਮਾਤਾਂ ਨਹੀਂ ਕਰ ਸਕਦੀਆਂ । ਮਿਹਨਤਕਸ਼ ਜਨ-ਸਮੂਹ ਨੂੰ ਇਕਮੁੱਠ ਹੋ ਕੇ ਕਰਨਾ ਹੋਵੇਗਾ । ਇਸ ਅੰਦੋਲਨ ਦੀ ਸ਼ਾਨਦਾਰ ਸਫਲਤਾ ਦੱਸਦੀ ਹੈ ਕਿ ਕਿਸਾਨ ਖੇਤ-ਮਜ਼ਦੂਰ ਦੂਸਰੇ ਮਿਹਨਤਕਸ਼ਾਂ ਨੂੰ ਖਾਸ ਕਰਕੇ ਸਨਅਤੀ ਮਜ਼ਦੂਰਾਂ ਨਾਲ ਮਿਲਕੇ ਇਸ ਇਤਹਾਸਿਕ ਜ਼ੁੰਮੇਵਾਰੀ ਨੂੰ ਨਿਭਾ ਸਕਦੇ ਹਨ ।


# Garrison Beatty & Godoy Insurance

## GENI Agencies Ltd.

**ਕਾਰਾਂ, ਵੈਨਾਂ, ਟਰੱਕਾਂ**

**ਜਾਂ ਹੋਰ ਹਰ ਤਰ੍ਹਾਂ ਦੀ ਇਨਸ਼ੋਰੈਂਸ**

**ਕਰਾਉਣ ਲਈ ਸਾਡੇ ਪਾਸ ਦਰਸ਼ਨ ਦਿਓ**

6435 - Victoria Dr., Vancouver, B.C. V5P 3X5

**Ph. 321-6557**



BALDEV SANGRA

# ਪੱਛਮੀ ਬੰਗਾਲ: ਲੱਖਾਂ ਨੌਜਵਾਨਾਂ ਦੀ ਰੈਲੀ ਵੱਲੋਂ ਲੋਕ ਸਭਾ ਦੀਆਂ ਮਧਕਾਲੀ ਚੋਣਾਂ ਦੀ ਮੰਗ

ਰਾਜੀਵ ਹਕੂਮਤ ਦੇ ਢਾਈ ਸਾਲਾਂ ਨੇ ਦੇਸ਼ ਨੂੰ ਪੂਰੀ ਤਰਾਂ ਤਬਾਹੀ ਦੀ ਖੱਡ ਵਿਚ ਸੁਟ ਦਿਤਾ ਹੈ। ਭਰਿਸ਼ਟਾਚਾਰ ਅਤੇ ਅਸਪਸ਼ਟਤਾ ਵਿਚ ਫਸੀ ਸਾਡੀ ਆਰ-ਥਕਤਾ ਕਾਰਨ ਨੌਜਵਾਨਾਂ ਨੂੰ ਨਿਰਾਸਤਾ ਅਤੇ ਕਸ਼ਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਇਸ ਭਾਰੀ ਨਿਰਾਸਤਾ ਅਤੇ ਤਿਖੀ ਮਾਨਸਕ ਪੀੜ ਅਤੇ ਵਰਤ-ਮਾਨ ਕਾਂਗਰਸ (ਆਈ) ਸਰਕਾਰ ਵਿਚ ਵਿਸ਼ਵਾਸ ਦੀ ਘਾਟ ਹੈ ਕਿ ਪੱਛਮੀ ਬੰਗਾਲ ਦੇ ਕੋਨੇ ਕੋਨੇ ਤੋਂ ਪੰਜ ਲਖ ਨੌਜਵਾਨ 23 ਅਗਸਤ ਨੂੰ ਬ੍ਰਿਗੇਡ ਪਰੇਡ ਗਰਾਊਂਡ ਵਿਚ ਇਕਠੇ ਹੋਏ। ਇਸ ਸਮੇਂ ਦੇਸ਼ ਭਰ ਵਿਚ ਕਾਂਗਰਸ (ਆਈ) ਦੀ ਸਾਖ ਤੇ ਪ੍ਰਤੀਤ ਨਿਰੰਤਰ ਹੇਠਾਂ ਡਿਗਦਾ ਜਾ ਰਿਹਾ ਹੈ। ਸੂਬੇ ਦੀ ਸਭ ਤੋਂ ਵਡੀ ਨੌਜਵਾਨ ਰੈਲੀ ਨੇ ਫੌਰੀ ਮਧਕਾਲੀ ਲੋਕ ਸਭਾ ਚੋਣਾਂ ਦੀ ਮੰਗ ਕੀਤੀ।

## ਗੁਸੇ ਦਾ ਪ੍ਰਗਟਾਵਾ

ਹਜ਼ਾਰਾਂ ਦੀ ਗਿਣਤੀ ਵਿਚ ਨੌ-ਜਵਾਨਾਂ ਦਾ ਜਲੂਸ ਦੁਪਹਿਰ ਤੋਂ ਹੀ ਬ੍ਰਿਗੇਡ ਪਰੇਡ ਗਰਾਊਂਡ ਪਹੁੰਚਣਾ ਸ਼ੁਰੂ ਹੋ ਗਿਆ। ਉਤਰੀ ਬੰਗਾਲ ਦੇ ਹੜ ਮਾਰੇ ਜ਼ਿਲਿਆਂ ਨੂੰ ਛੱਡਕੇ ਬਾਕੀ ਸਾਰੇ ਜ਼ਿਲਿਆਂ ਵਿਚ ਡੀ. ਵਾਈ. ਐਫ. ਆਈ ਮੈਂਬਰਾਂ ਨੇ ਇਸ ਇਤਿਹਾਸਕ ਰੈਲੀ ਨੂੰ ਸਫਲ ਬਣਾਉਣ ਲਈ ਹਜ਼ਾਰਾਂ ਨੌਜਵਾਨਾਂ ਨੂੰ ਲਾਮਬੰਦ ਕੀਤਾ।

ਡੀ. ਵਾਈ. ਐਫ. ਆਈ ਦੇ ਲਾਲ ਸਤਾਰੇ ਵਾਲੇ ਚਿਟੇ ਝੰਡੇ ਮੰਗਾਂ ਦੇ 21 ਨੁਕਾਤੀ ਚਾਰਟਰ ਸਮੇਤ ਮੈਦਾਨ ਦੇ ਨਾਲ ਨਾਲ ਦੇਖੇ ਜਾ ਸਕਦੇ ਸਨ। ਇਸ ਵਿਸ਼ਾਲ ਰੈਲੀ ਤੋਂ ਕੇਂਦਰ ਵਿਚ ਵਰਤਮਾਨ ਹਕੂ-ਮਤ ਵਿਰੁੱਧ ਨੌਜਵਾਨਾਂ ਦੇ ਮਨਾਂ ਵਿਚ ਦਿਨੋਂ ਦਿਨ ਵਧ ਰਹੇ ਗੁਸੇ ਅਤੇ ਰੋਹ ਦਾ ਪ੍ਰਗਟਾਵਾ ਹੁੰਦਾ ਹੈ।

## ਰੈਲੀ ਦੇ ਸਦੇ ਦਾ ਸੂਬੇ ਦੀਆਂ ਸਾਰੀਆਂ ਇਕਾਈਆਂ ਵਲੋਂ ਫੌਰੀ ਹੁੰਗਾਰਾ

ਭਰਿਆ ਗਿਆ। ਪੋਸਟਰ ਅਤੇ ਕੰਧ ਚਿਤਰ ਹਰੇਕ ਸੜਕ ਅਤੇ ਗਲੀ ਵਿਚ ਮੰਗਾਂ ਦੇ 21 ਨੁਕਾਤੀ ਚਾਰਟਰ ਦਾ ਪਰ-ਦਰਸ਼ਨ ਕਰਦੇ ਸਨ। ਹਰੇਕ ਘਰ ਦਾ ਦਰਵਾਜ਼ਾ ਖੜਕਾਇਆ ਗਿਆ ਅਤੇ ਲੋਕਾਂ ਨੂੰ ਉਹਨਾਂ ਦੀਆਂ ਮੰਗਾਂ ਤੋਂ ਜਾਣੂ ਕਰ-ਵਾਇਆ ਗਿਆ। ਸਾਰਿਆਂ ਲਈ ਨੌਕ-ਰੀਆਂ, ਸਾਰਿਆਂ ਲਈ ਵਿਦਿਆ, ਬੇਰੁਜ਼-ਗਾਰੀ ਦੀ ਸਮਸਿਆ ਦਾ ਹੱਲ, ਕੇਂਦਰ ਰਾਜ ਵਿਤੀ ਵਿਤਕਰੇ ਨੂੰ ਦੂਰ ਕਰਨ, ਬੁਲੰਦ ਕੀਤੇ ਗਏ ਨਾਹਰੇ ਸਨ। ਜਲੂਸ, ਗਲੀ ਨੁਕੜ ਮੀਟਿੰਗਾਂ, ਗਰੁੱਪ ਮੀਟਿੰਗਾਂ ਆਦਿ ਤੋਂ ਪਤਾ ਚਲਦਾ ਸੀ ਕਿ ਸੂਬੇ ਦੇ ਨੌਜਵਾਨਾਂ ਵਿਚ ਇਸ ਸਬੰਧੀ ਕਿੰਨਾਂ ਜ਼ਿਆਦਾ ਜੋਸ਼ ਅਤੇ ਉਤਸ਼ਾਹ ਸੀ। ਉਤ੍ਰੀ 24 ਪਰਗਨਾ, ਦੱਖਣੀ 24 ਪਰਗਨਾ ਮੁਰਸ਼ੀਦਾਬਾਦ, ਬੀਰਭੂਮ, ਮਿਦਨਾਪੁਰ, ਬੰਕੂਰਾ, ਬਰਦਵਾਨ ਆਦਿ ਵਿਚ ਇਸ ਸਬੰਧੀ ਤਿਆਰੀਆਂ ਇਕ ਮਹੀਨਾ ਪਹਿਲਾਂ ਹੀ ਸ਼ੁਰੂ ਹੋ ਗਈਆਂ। ਅਗਸਤ ਦੇ ਪਹਿਲੇ ਹਫਤਿਆਂ ਦੌਰਾਨ ਵਖ ਵਖ ਜ਼ਿਲਾ ਕਮੇ-ਟੀਆਂ ਦੀਆਂ ਮੀਟਿੰਗਾਂ ਵਿਚ ਮੁਹਿੰਮ ਪਰੋਗਰਾਮ ਉਲੀਕੇ ਗਏ। ਪਰ ਮੁਹਿੰਮ ਪਹਿਲਾਂ ਹੀ ਜੋਰ ਫੜ ਗਈ ਸੀ। ਨੌ-ਜਵਾਨਾਂ ਦੇ ਅਖਬਾਰ ਯੁਵ-ਸ਼ਕਤੀ ਦਾ ਇਕ ਵਿਸ਼ੇਸ਼ ਅੰਕ ਛਾਪਿਆ ਗਿਆ ਤਾਂ ਜੋ ਕਾਮਰੇਡਾਂ ਨੂੰ ਉਠਣ ਅਤੇ ਰੋਸ ਪ੍ਰਗਟ ਕਰਨ ਦਾ ਸੱਦਾ ਦਿਤਾ ਜਾ ਸਕੇ।

ਸੀ. ਪੀ. ਆਈ (ਐਮ) ਦੇ ਪੋਲਿਟ ਬਿਊਰੋ ਮੈਂਬਰ ਅਤੇ ਸੂਬੇ ਦੇ ਮੁੱਖ ਮੰਤਰੀ ਜਿਓਤੀ ਬਾਸੂ ਨੇ ਕਾਂਗਰਸ (ਆਈ) ਵਿਰੁੱਧ ਸਾਂਝਾ ਸੰਘਰਸ਼ ਕਰਨ ਦਾ ਸੱਦਾ ਦਿਤਾ।

## ਦਿਨੋ ਦਿਨ ਵਿਗੜ ਰਹੀਆਂ ਹਾਲਤਾਂ

ਪੰਜ ਸਾਲਾ ਯੋਜਨਾਵਾਂ ਨੇ ਆਪਣੇ ਉਦੇਸ਼ ਪ੍ਰਾਪਤ ਕਰਨ ਦੀ ਬਜਾਏ ਆਰ-ਥਿਕਤਾ ਨੂੰ ਹਿਲਾਕੇ ਰੱਖ ਦਿਤਾ ਹੈ। ਕੇਂਦ੍ਰ ਦੀਆਂ ਸਾਰੀਆਂ ਨੀਤੀਆਂ ਆਮ ਮਨੁੱਖ ਦੇ ਭਲੇ ਵਿਰੁੱਧ ਸੇਧਤ ਹਨ। ਇਸ ਤੋਂ ਵੀ ਵਧ ਭਰਿਸ਼ਟਾਚਾਰ ਮੌਜੂਦਾ ਹਕੂਮਤ ਦਾ ਰਾਜ ਬਣ ਗਿਆ ਹੈ। ਉਹਨਾਂ ਸਪ-ਸ਼ਟ ਕੀਤਾ ਕਿ ਕਾਂਗਰਸ (ਆਈ) ਦੇ ਕੁਝ ਆਗੂ ਅਤੇ ਵਰਕਰ ਵੀ ਭਰਿਸ਼ਟਾ-ਚਾਰ ਵਿਰੁੱਧ ਲੜ ਰਹੇ ਹਨ। ਨਿਰਾਜ ਕਾਂਗਰਸ (ਆਈ) ਹਸਤੀਆਂ ਭਰਿਸ਼ਟਾ-ਚਾਰ ਦੇ ਦੋਸ਼ਾਂ ਨੂੰ ਨੰਗਿਆਂ ਕਰ ਰਹੀਆਂ ਹਨ। ਜਿਥੋਂ ਤਕ ਉਹ ਅਜਿਹਾ ਕਰਦੇ ਹਨ ਉਹ ਸਾਡਾ ਹੀ ਮਨੋਰਥ ਪੂਰਾ ਕਰ ਰਹੇ ਹਨ। ਅਤੇ ਅਸੀਂ ਕੇਂਦਰ ਵਿਰੁੱਧ ਭਰਿਸ਼ਟਾਚਾਰ ਦੇ ਦੋਸ਼ਾਂ ਸਬੰਧੀ ਇਹੀ ਬੋਲੀ ਬੋਲ ਰਹੇ ਹਾਂ।

ਕੁਝ ਅਖਬਾਰਾਂ ਇਸ ਸਬੰਧੀ ਸਾਡੇ ਸਟੈਂਡ ਦੀ ਆਲੋਚਨਾ ਕਰ ਰਹੀਆਂ ਹਨ। ਪਰ ਅਸੀਂ ਪੂਰੀ ਤਰਾਂ ਦ੍ਰਿੜ ਹਾਂ। ਅਸੀਂ ਕੋਈ ਨਵੀਂ ਗੱਲ ਨਹੀਂ ਦਸ ਰਹੇ। ਇਤਿਹਾਸ ਨੇ ਸਾਨੂੰ ਸਿਖਾਇਆ ਹੈ ਕਿ ਪਹਿਲਾਂ ਵੀ ਜਿਹੜੇ 'ਲੋਕ ਕਾਂਗਰਸ ਦੇ ਨਾਲ ਸਨ ਉਹ ਹੁਣ ਇਸ ਦੇ ਨਾਲ ਨਹੀਂ ਹਨ। ਅੱਜ ਇਹ ਦੇਖਿਆ ਜਾਂਦਾ ਹੈ ਕਿ ਕਾਂਗਰਸ ਆਈ ਦੇ ਕੁਝ ਵਿਅਕਤੀ ਰਾਸ਼-ਟਰੀ ਹਿਤਾਂ ਦੀ ਖਾਤਰ ਆਪਣੇ ਪਾਰਟੀ ਹਿਤਾਂ ਤੋਂ ਉਪਰ ਉਠ ਰਹੇ ਹਨ। ਇਸ ਲਈ ਉਹਨਾਂ ਨਾਲ ਸਾਂਝਾ ਸੰਘਰਸ਼ ਚਲਾ-ਉਣ ਵਿਚ ਕੋਈ ਹਰਜ ਨਹੀਂ ਹੈ। ਸ੍ਰੀ ਨਗਰ ਅਤੇ ਕਲਕਤੇ ਵਿਖੇ ਵਿਰੋਧੀ ਪਾਰ-ਟੀਆਂ ਦੀਆਂ ਹੋਈਆਂ ਕਾਨਫਰੰਸਾਂ ਨੇ ਵੀ →


**ਪੌਪੂਲਰ ਫਰਨੀਚਰ ਮੈਨੂ. ਲਿਮ:**

**POPULAR**
FURNITURE MFG. LTD.

Phone 596-1216

7935 - 128th Street
Surrey, B.C.



ਇਸੇ ਨੁਕਤੇ ਉਤੇ ਜੋਰ ਦਿਤਾ ਹੈ । ਅਸੀਂ ਆਪਣੇ ਦੇਸ਼ ਦੀਆਂ ਸਾਰੀਆਂ ਜਮਹੂਰੀ ਅਤੇ ਧਰਮ ਨਿਰਲੇਪ ਤਾਕਤਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਸਾਡੇ ਨਾਲ ਖਲੋਣ । ਜਦੋਂ ਤਕ ਉਹ ਸਾਡੀ ਗੁਟ ਨਿਰਲੇਪ ਬਦੇਸ਼ ਨੀਤੀ ਦੀ ਹਿਮਾਇਤ ਕਰਦੇ ਹਨ ਅਤੇ ਕੇਂਦਰ ਵਿਰੁੱਧ ਨਾਹਰੇ ਲਗਾਉਂਦੇ ਹਨ, ਸਾਨੂੰ ਉਹਨਾਂ ਨਾਲ ਕੰਮ ਕਰਨ ਵਿਚ ਕੋਈ ਗਲਤੀ ਮਹਿਸੂਸ ਨਹੀਂ ਹੁੰਦੀ ।

## ਫਿਰਕੂ ਤਾਕਤਾਂ ਦੀ ਵਿਰੋਧਤਾ ਕਰੋ

ਇਸ ਦੇ ਨਾਲ ਹੀ ਸਾਨੂੰ ਦੇਸ਼ ਦੀਆਂ ਫਿਰਕੂ ਅਤੇ ਵੱਖਵਾਦੀ ਤਾਕਤਾਂ ਦੀ ਵਿਰੋਧਤਾ ਕਰਨੀ ਪਵੇਗੀ । ਇਹ ਵਿਰੋਧੀ ਧਿਰ ਦੀ ਏਕਤਾ ਦਾ ਸਾਂਝਾ ਆਧਾਰ ਹੋਵੇਗਾ । ਸਾਡਾ ਕਾਰਜ ਹੋਵੇਗਾ ਕਿ ਪਬਲਿਕ ਸੈਕਟਰ ਨੂੰ ਮਜ਼ਬੂਤ ਕੀਤਾ ਜਾਵੇ ਅਤੇ ਸਾਰੀਆਂ ਲੋੜੀਂਦੀਆਂ ਵਸਤਾਂ ਸਾਰੇ ਲੋਕਾਂ ਨੂੰ ਯੋਗ ਕੀਮਤਾਂ ਤੇ ਮੁਹਈਆ ਕੀਤੀਆਂ ਜਾਣ । ਅਸੀਂ ਹੁਣ ਰਾਜੀਵ ਸਰਕਾਰ ਦੇ ਅਸਤੀਫੇ ਦੀ ਮੰਗ ਕਰ ਰਹੇ ਹਾਂ । ਸਾਨੂੰ ਇਕ ਮੁਤਬਾਦਲ ਉਸਾਰਨ ਲਈ ਸੰਘਰਸ਼ ਕਰਨਾ ਪਵੇਗਾ । ਲੋਕ ਜਮਹੂਰੀ ਇਨਕਲਾਬ ਦੀ ਪ੍ਰਾਪਤੀ ਲਈ ਇਹ ਮੀਲ-ਪੱਥਰ ਹਨ । ਸਾਥੀ ਬਾਸੂ ਨੇ ਕਿਹਾ ।

ਪੰਜ ਸਾਲਾ ਯੋਜਨਾਵਾਂ ਨੇ ਲੋਕਾਂ ਦੀਆਂ ਇੱਛਾਵਾਂ ਪੂਰੀਆਂ ਨਹੀਂ ਕੀਤੀਆਂ । ਬੇਰੁਜ਼ਗਾਰੀ ਛੜੱਪੇ ਮਾਰਕੇ ਵਧ ਰਹੀ ਹੈ । ਕੀਮਤਾਂ ਇਕ ਬਹੁਤ ਹੀ ਬੇਕਾਬੂ ਢੰਗ ਨਾਲ ਵਧ ਗਈਆਂ ਹਨ । ਫੈਕਟਰੀਆਂ ਬੰਦ ਹੋ ਰਹੀਆਂ ਹਨ । ਪੂੰਜੀ ਨਿਵੇਸ਼ ਹੇਠਾਂ ਡਿਗ ਪਿਆ ਹੈ । ਅਸੀਂ 14 ਲੋੜੀਂਦੀਆਂ ਵਸਤਾਂ ਦੀਆਂ ਕੀਮਤਾਂ ਨਿਸ਼ਚਿਤ ਕਰਨ ਦੀ ਮੰਗ ਕਰਦੇ ਹਾਂ ਅਤੇ ਇਹ ਵੀ ਮੰਗ ਕਰਦੇ ਹਾਂ ਕਿ ਵਾਦੀਆਂ ਤੋਂ ਬਾਅਦ ਪੇਂਡੂ ਲੋਕਾਂ ਲਈ ਸਹੂਲਤਾਂ ਪੈਦਾ ਕੀਤੀਆਂ ਜਾਣ । ਹਣ ਸਿਰਫ ਆਰਥਕ ਸੰਕਟ ਹੀ ਦਰਪੇਸ਼ ਨਹੀਂ ਹੈ ਸਗੋਂ ਹਕੂਮਤ ਵਿਰੁਧ ਭਰਿਸ਼ਟਾਚਾਰ ਦੇ ਦੋਸ਼ ਵੀ ਸਾਹਮਣੇ ਆ ਚੁਕੇ ਹਨ ।

ਰਾਜੀਵ ਹਕੂਮਤ ਦਿਨੋ-ਦਿਨ ਵਧ ਰਹੀਆਂ ਕੀਮਤਾਂ ਕਾਰਨ ਪੈਦਾ ਹੋਏ ਸੰਕਟ ਦਾ ਬੋਝ ਆਮ ਲੋਕਾਂ ਤੇ ਪਾ ਰਹੀ ਹੈ । ਇਹ ਸਿਰਫ ਹੁਣ ਹੀ ਹੈ ਕਿ ਰਾਜੀਵ ਸਰਕਾਰ ਨੂੰ ਸਾਮਰਾਜ ਦਾ ਭੂਤ ਦਿਖਾਈ ਦੇਣ ਲਗ ਪਿਆ ਹੈ । ਪਰ ਸਾਨੂੰ ਪਤਾ ਹੈ ਕਿ ਉਹ ਕਿਵੇਂ ਦੇਸ਼ ਵਿਚ ਸਾਮਰਾਜੀ ਦਖਲ-ਅੰਦਾਜ਼ੀ ਲਈ ਆਧਾਰ ਪੈਦਾ ਕਰ ਰਹੇ ਹਨ । ਅਤੇ ਅਸੀਂ ਬਹੁਤ ਸ਼ੁਰੂ ਤੋਂ ਹੀ ਇਹ ਕਿਹਾ ਸੀ ।

ਅਜਿਹੀ ਸਰਕਾਰ ਲਈ ਨੌਜਵਾਨਾਂ ਵਿਚ ਭੁਲੇਖੇ ਪੈਦਾ ਕਰਨ ਵਾਲੇ ਬਿਆਨ ਦੇਣਾ ਆਸਾਨ ਹੈ । ਕਿਉਂਕਿ ਉਹ ਨਵੇਂ ਨੌਕਰੀ ਮੌਕੇ ਪੈਦਾ ਕਰਨ ਵਿਚ ਅਸਫਲ ਰਹੇ ਹਨ ਤੇ ਹੁਣ ਉਹਨਾਂ ਸਵੈ-ਰੁਜ਼ਗਾਰ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿਤਾ ਹੈ । ਉਹ ਨੌਜਵਾਨਾਂ ਨੂੰ ਜਾਤਪਾਤ, ਧਰਮ ਅਤੇ ਬੋਲੀ ਦੇ ਆਧਾਰ ਉਤੇ ਵੰਡਣ ਦੀਆਂ ਲਗਾਤਾਰ ਕੋਸ਼ਸ਼ਾਂ ਕਰ ਰਹੇ ਹਨ । ਸਾਥੀ ਜਿਓਤੀ ਬਾਸੂ ਨੇ ਡੀ. ਵਾਈ.ਐਫ. ਆਈ. ਦੇ ਨੌਜਵਾਨਾਂ ਨੂੰ ਸੱਦਾ ਦਿਤਾ ਕਿ ਉਹ ਇਹਨਾਂ ਤਾਕਤਾਂ ਦਾ ਵਿਰੋਧ ਕਰਨ ਅਤੇ ਲੋਕ-ਮਾਰੂ ਨੀਤੀਆਂ ਵਿਰੁਧ ਮੁਹਿੰਮ ਚਲਾਉਣ । ਉਹਨਾਂ ਨੂੰ ਕਾਂਗਰਸ (ਆਈ) ਦੀਆਂ ਨੀਤੀਆਂ ਵਿਰੁਧ ਲੜਨ ਦਾ ਕਾਰਜ ਪੂਰੀ ਦ੍ਰਿੜ੍ਹਤਾ ਤੇ ਲਗਨ ਨਾਲ ਲੈਣਾ ਚਾਹੀਦਾ ਹੈ । ਉਹਨਾਂ ਨੂੰ ਸਮਾਜ ਦੇ ਸਾਰੇ ਵਰਗਾਂ ਵਿਦਿਆਰਥੀਆਂ, ਔਰਤਾਂ, ਮੁਲਾਜ਼ਮਾਂ ਨਾਲ ਕਦਮ ਨਾਲ ਕਦਮ ਮਿਲਾ ਕੇ ਸੰਘਰਸ਼ ਕਰਨਾ ਚਾਹੀਦਾ ਹੈ । ਦੇਸ਼ ਭਰ ਦੇ ਲੋਕ ਜਾਗ ਰਹੇ ਹਨ । ਸਾਥੀ ਜਿਓਤੀ ਬਾਸੂ ਨੇ ਅੰਤ ਵਿਚ ਕਿਹਾ ਕਿ ਸਾਡਾ ਲੋਕਾਂ ਵਿਚ ਵਿਸ਼ਵਾਸ ਹੋਣਾ ਚਾਹੀਦਾ ਹੈ ਅਤੇ ਇਹ ਲੋਕ ਹੀ ਹਨ ਜਿਹਨਾਂ ਦੀ ਕਿ ਅਖੀਰ ਜਿੱਤ ਹੋਵੇਗੀ ।

## ਸੁਰੱਖਿਅਤਾ ਦਾ ਬਹਾਨਾ

ਇਸ ਰੈਲੀ ਦੀ ਪ੍ਰਧਾਨਗੀ ਡੀ. ਵਾਈ.ਐਫ.ਆਈ. ਦੀ ਪੱਛਮੀ ਬੰਗਾਲ ਸੂਬਾ ਕਮੇਟੀ ਦੇ ਸੈਕਟਰੀ ਬੇਰੇਲ ਬਾਸੂ ਨੇ ਕੀਤੀ । ਇਸ ਰੈਲੀ ਨੂੰ ਸੀ. ਪੀ. ਆਈ. (ਐਮ) ਸੂਬਾ ਸਕੱਤਰੇਤ ਦੇ ਮੈਂਬਰ ਬਿਮਨ ਬਾਸੂ ਨੇ ਵੀ ਸੰਬੋਧਨ ਕੀਤਾ । ਉਹਨਾਂ ਕਿਹਾ ਕਿ ਇਹ ਪਹਿਲਾਂ ਕਦੇ ਨਹੀਂ ਹੋਇਆ ਕਿ ਪ੍ਰਧਾਨਮੰਤਰੀ ਉਤੇ ਭਰਿਸ਼ਟਾਚਾਰ ਦੇ ਦੋਸ਼ ਲਗੇ ਹੋਣ ।

ਰਾਜੀਵ ਗਾਂਧੀ ਨੂੰ ਇਹਨਾਂ ਸੁਆਲਾਂ ਦਾ ਜੁਆਬ ਦੇਣਾ ਪਵੇਗਾ ਕਿ ਬਦੇਸ਼ੀ ਤਾਕਤਾਂ ਨੂੰ ਭਾਰਤ ਵਿਚ ਮਨਮਰਜ਼ੀ ਕਰਨ ਦੀ ਖੁਲ੍ਹ ਕਿਉਂ ਦਿਤੀ ਜਾ ਰਹੀ ਹੈ।

ਬਾਰੇਨ ਬਾਸੂ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਦੀ ਸਥਿਤੀ ਯਾਦ ਕਰਵਾਈ ਜਦੋਂ ਵੋਟਰ ਦੇ ਸਾਹਮਣੇ ਦੇਸ਼ ਦੀ ਏਕਤਾ ਤੇ ਅਖੰਡਤਾ ਦਾ ਸੁਆਲ ਪੈਦਾ ਹੋ ਗਿਆ ਸੀ । ਪਰ ਇਸ ਸਰਕਾਰ ਦੀ ਢਾਈ ਸਾਲਾਂ ਦੀ ਹਕੂਮਤ ਨੇ ਸਿਧ ਕਰ ਦਿਤਾ ਹੈ ਕਿ ਇਹ ਦੇਸ਼ ਦੀ ਏਕਤਾ ਹੈ ਜਿਹੜੀ ਕਿ ਪੂਰੀ ਤਰਾਂ ਖਤਰੇ ਵਿਚ ਹੈ । ਦੇਸ਼ ਦੇ ਬਹੁਤ ਸਾਰੇ ਹਿਸਿਆਂ ਵਿਚ ਫਿਰਕੂ ਦੰਗੇ ਹੋ ਰਹੇ ਹਨ । ਉਹਨਾਂ ਕਿਹਾ ਕਿ ਇਹ ਰੈਲੀ ਇਹਨਾਂ ਸਾਰੇ ਸੁਆਲਾਂ ਤੋਂ ਕੇਂਦਰ ਸਰਕਾਰ ਨੂੰ ਸੁਚੇਤ ਕਰਨ ਦੀ ਕੋਸ਼ਸ਼ ਹੈ ।

ਡੀ.ਵਾਈ.ਐਫ.ਆਈ. ਦੇ ਜਨਰਲ ਸਕੱਤਰ ਹਨਾਨ ਮੁਲ੍ਹਾ ਨੇ ਨੌਜਵਾਨਾਂ ਨੂੰ ਇਨਕਲਾਬੀ ਸੁਭ ਇਛਾਵਾਂ ਭੇਜੀਆਂ ਜਿਹੜੇ ਕਿ ਨੈਤਿਕ ਸੁਆਲ ਤੋਂ ਇਕ-ਮੁਠ ਹੋ ਕੇ ਉਠੇ ਹਨ । ਡੀ. ਵਾਈ.ਐਫ. ਆਈ. ਦੇਸ਼ ਦੀ ਏਕਤਾ ਦੀ ਰਾਖੀ ਕਰਨ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਹੈ । ਕੇਰਲਾ ਡੀ. ਵਾਈ.ਐਫ.ਆਈ. ਵਲੋਂ ਆਯੋਜਤ 700 ਕਿਲੋਮੀਟਰ ਲੰਬੀ ਮਨੁੱਖੀ ਜੰਜੀਰ ਨੇ ਇਕ ਵਾਰ ਫਿਰ ਸਿੱਧ ਕਰ ਦਿਤਾ ਹੈ ਕਿ ਇਸ ਦੇ ਮੈਂਬਰ ਪੂਰੀ ਤਰਾਂ ਦ੍ਰਿੜ ਤੇ ਸਿਰੜੀ ਹਨ । ਇਹ ਸਾਡਾ ਕਾਰਜ ਹੈ ਕਿ ਅਸੀਂ

( ਬਾਕੀ ਸਫ਼ਾ ੫੩ )


ਪੰਜਾਬੀ ਮਾਰਕਿਟ ਵਿਚ

# ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੁੱਤੇ, ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS' SHOES AND LEATHER LUGGAGE & ACCESSORIES

ਮਹਿੰਦਰ ਸਿੰਘ ਮਾਨ    Mohinder Singh Mann

321-4353

MANN SHOE STORE
6570 MAIN ST., VANCOUVER, B.C.

# ਪ੍ਰਧਾਨ ਮੰਤਰੀ ਜੀ ! ਨਵਾਂ ਫਤਵਾ ਲਵੋ

ਸੁਖੀ ਅਮਰਜੀਤ

11 ਤੋਂ 15 ਅਕਤੂਬਰ 1987 ਨੂੰ ਵੈਨਕੂਵਰ ਵਿਚ ਹੋ ਰਹੀ ਕਾਮਨਵੈਲਥ ਦੇਸ਼ਾਂ ਦੀ ਕਾਨਫਰੰਸ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਵੀ ਆ ਰਹੇ ਹਨ । ਭਾਰਤ ਸੰਸਾਰ ਦਾ ਇਕ ਬੜਾ ਹੀ ਮਹੱਤਵਪੂਰਨ ਦੇਸ਼ ਹੈ । ਭਾਰਤ ਦੇ ਵਸੋਂ ਦੇ ਪੱਖੋਂ ਚੀਨ ਪਿੱਛੋਂ ਦੂਜਾ ਦੇਸ਼ ਹੋਣ ਦੇ ਨਾਤੇ ਵੀ, ਇਸ ਵਲੋਂ ਧਾਰਨ ਕੀਤੀ ਬਦੇਸ਼ੀ ਨੀਤੀ ਦਾ ਬੜਾ ਉਘਾ ਸਥਾਨ ਹੈ । ਇਸ ਦੇ ਨਾਲ ਹੀ ਭਾਰਤ ਦਾ ਗੈਰ-ਜਾਨਵਦਾਰ ਦੇਸ਼ਾਂ ਦੀ ਲਹਿਰ ਦਾ ਮੋਢੀ ਦੇਸ਼ ਹੋਣ ਦੇ ਸੰਬੰਧ ਵਿਚ ਅਤੇ ਗੈਰਜਾਨਵਦਾਰ ਲਹਿਰ ਵਿਚ ਭਾਰਤ ਦੇ ਸਾਮਰਾਜ ਵਿਰੋਧੀ, ਸੰਸਾਰ ਅਮਨ ਦੇ ਇੱਛਕ ਅਤੇ ਦੱਖਣੀ ਅਫਰੀਕਾ ਸੰਬੰਧੀ ਨਿਗਰ ਸਟੈਂਡ ਲੈਣ ਦੇ ਕਾਰਨ ਵੀ ਸੰਸਾਰ ਭਰ ਵਿਚ ਆਪਣਾ ਵਿਸ਼ੇਸ਼ ਸਥਾਨ ਹੈ ।

ਜਦੋਂ ਭਾਰਤ ਦਾ ਪ੍ਰਧਾਨ ਮੰਤਰੀ ਕੋਈ ਅਜਿਹਾ ਸਟੈਂਡ ਲੈਂਦਾ ਹੈ ਜੋ ਤੀਜੇ ਸੰਸਾਰ ਦੇ ਦੇਸ਼ਾਂ ਨੂੰ ਨਾਲ ਜੋੜ ਕੇ ਇਕ ਲਹਿਰ ਦਾ ਰੂਪ ਦਿੰਦਾ ਹੋਵੇ ਤਾਂ ਇਸ ਦਾ ਅਰਥ ਬਹੁਤਾ ਪ੍ਰਧਾਨ ਮੰਤਰੀ ਦੇ ਵਿਅਕਤੀਗਤ ਰੂਪ ਵਿਚ ਨਹੀਂ, ਸਗੋਂ 80 ਕਰੋੜ ਲੋਕਾਂ ਦੇ ਪ੍ਰਤੀਨਿਧ ਦੇ ਰੂਪ ਵਿਚ ਲਿਆ ਜਾਂਦਾ ਹੈ ।

ਅਸੀਂ ਭਾਰਤ ਦੀ ਗੈਰ ਜਾਨਵਦਾਰੀ ਦੀ, ਦੱਖਣੀ ਅਫਰੀਕਾ ਦੇ ਨਸਲੀ ਪ੍ਰਬੰਧ ਦੇ ਮੁਖੀ ਵਿਰੋਧੀ ਹੋਣ ਦੇ ਅਤੇ ਸੰਸਾਰ ਅਮਨ ਲਈ ਖੜੋਣ ਦੀ ਬਦੇਸ਼ ਨੀਤੀ ਦੇ ਸਦਾ ਹੀ ਸਮਰਥਕ ਰਹੇ ਹਾਂ ਅਤੇ ਹੁਣ ਵੀ ਹਾਂ ।

ਭਾਵੇਂ ਕਿ ਹਾਕਮ ਕਾਂਗਰਸ ਪਾਰਟੀ ਦੇ ਆਗੂ ਸ੍ਰੀ ਰਾਜੀਵ ਗਾਂਧੀ ਅਤੇ ਉਸਦੀ ਪਾਰਟੀ ਦੀ ਅਸੀਂ ਇਸ ਗਲੋਂ ਸਦਾ ਹੀ ਤਿੱਖੀ ਨੁਕਤਾਚੀਨੀ ਕਰਦੇ ਹਾਂ ਕਿ ਉਹ ਅਮਨ ਦੇ ਸਵਾਲ ਨੂੰ ਗੈਰਜਾਨਵਦਾਰੀ ਦੀ ਨੀਤੀ ਦੇ ਸਵਾਲ ਨੂੰ ਅਤੇ ਦੱਖਣੀ ਅਫਰੀਕਾ ਦੇ ਸਵਾਲ ਨੂੰ ਸਮੇਤ ਸਾਮਰਾਜ ਦੇ ਵਿਰੋਧ ਨੂੰ, ਆਮ ਲੋਕਾਂ ਵਿਚ ਨਹੀਂ ਲਿਜਾ ਰਹੇ । ਏਸੇ ਲਈ ਭਾਰਤ ਦੀਆਂ ਵਿਰੋਧੀ ਪਾਰਟੀਆਂ ਦੀ ਮੁਖੀ ਆਗੂ ਪਾਰਟੀ, ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਨੇ ਇਨ੍ਹਾਂ ਉਪਰੋਕਤ ਸਵਾਲਾਂ ਨੂੰ ਕਦੇ ਵੀ ਸਰਕਾਰ ਅਤੇ ਕਾਂਗਰਸ ਪਾਰਟੀ ਗੋਚਰੇ ਨਹੀਂ ਛੱਡਿਆ । ਉਸ ਨੇ ਇਨ੍ਹਾਂ ਸਵਾਲਾਂ ਦੇ ਸੰਬੰਧ ਵਿਚ ਲੋਕਾਂ ਨੂੰ ਜਾਗਰਤ ਕਰਨ ਲਈ ਮੁਹਿੰਮਾਂ ਚਲਾਈਆਂ, ਜਿੰਨ੍ਹਾਂ ਵਿਚ 4 ਸਤੰਬਰ 1987 ਨੂੰ ਕਲਕੱਤੇ ਵਿਚ ਦੇ ਲੱਖਾਂ ਲੋਕਾਂ ਦੇ ਸਾਮਰਾਜ ਦੀ ਜੰਗੀ ਨੀਤੀ ਵਿਰੁਧ ਅਤੇ ਸੰਸਾਰ ਅਮਨ ਦੇ ਲਈ ਕੱਢੇ ਗਏ ਜਲੂਸ ਨੂੰ ਉਦਾਹਰਣ ਵਜੋਂ ਲੈ ਸਕਦੇ ਹਾਂ ।

ਸ੍ਰੀ ਰਾਜੀਵ ਗਾਂਧੀ ਹੁਣ ਜਦੋਂ ਕਾਮਨਵੈਲਥ ਦੇਸ਼ਾਂ ਦੀ ਕਾਨਫਰੰਸ ਵਿਚ ਭਾਗ ਲੈਣ ਲਈ ਸਾਡੇ ਸ਼ਹਿਰ ਵੈਨਕੂਵਰ ਆ ਰਹੇ ਹਨ ਤਾਂ ਅਸੀਂ ਜਿਥੇ ਇਹ ਦੇਖਣਾ ਚਾਹੁੰਦੇ ਹਾਂ ਕਿ ਬਦੇਸ਼ ਨੀਤੀ ਦੇ ਉਪਰੋਕਤ ਸਵਾਲਾਂ ਉਪਰ ਦ੍ਰਿੜ ਸਟੈਂਡ ਨੂੰ ਲੈਂਦੇ ਹੋਏ, ਕਾਨਫਰੰਸ ਦੇ ਮੁਖ ਏਜੰਡੇ ਦੱਖਣੀ ਅਫਰੀਕਾ ਬਾਰੇ ਅਜਿਹੇ ਸਟੈਂਡ ਲਈ ਦੂਜੇ ਦੇਸ਼ਾਂ ਨੂੰ ਸਹਿਮਤ ਕਰਨ ਲਈ ਜ਼ੋਰ ਲਾਉਣ । ਉਹ ਅਫਰੀਕੀ ਨਸ਼ਨਲ ਕਾਂਗਰਸ ਨੂੰ, ਉਨ੍ਹਾਂ ਦੇ ਮਨੁੱਖੀ ਬਰਾਬਰਤਾ ਅਤੇ ਇਨਸਾਫ ਲਈ ਜਮਹੂਰੀ ਸੰਘਰਸ਼ ਵਿਚ ਪੂਰਨ ਸਾਥ-ਸਹਿਯੋਗ ਦੇਣ । ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਦਾ ਮੁਕੰਮਲ ਆਰਥਕ ਬਾਈਕਾਟ ਕੀਤਾ ਜਾਵੇ ਅਤੇ ਅਫਰੀਕਨ ਨੈਸ਼ਨਲ ਕਾਂਗਰਸ ਨੂੰ ਹਥਿਆਰਾਂ ਸਮੇਤ ਸਹਾਇਤਾ ਦਿਤੀ ਜਾਵੇ । ਦੱਖਣੀ ਅਫਰੀਕਾ ਦੇ ਬਾਰਡਰ ਨਾਲ ਲਗਦੇ ਦੇਸ਼ਾਂ ਨੂੰ ਪੂਰੀ ਆਰਥਕ ਅਤੇ ਫੌਜੀ ਸਹਾਇਤਾ ਦਿਤੀ ਜਾਵੇ ਤਾਂ ਜੋ ਉਹ ਦੱਖਣੀ ਅਫਰੀਕਾ ਵਲੋਂ ਕੀਤੇ ਸਮੇਂ ਸਮੇਂ ਹਮਲਿਆਂ ਤੋਂ ਆਪਣੀ ਰਾਖੀ ਕਰ ਸਕਣ ਅਤੇ ਇਨਸਾਫ ਲਈ ਬਰਾਬਰਤਾ ਲਈ ਲੜ ਰਹੀ ਜਨਤਾ ਨੂੰ ਕਾਰਗਰ ਸਹਾਇਤਾ ਦੇ ਸਕਣ ।

ਜਦੋਂ ਪ੍ਰਧਾਨ ਮੰਤਰੀ ਵੈਨਕੂਵਰ ਆ ਰਹੇ ਹਨ ਤਾਂ ਕੈਨੇਡਾ ਵਿਚ ਰਹਿਣ ਵਾਲੇ ਤਿੰਨ ਲੱਖ ਤੋਂ ਵੱਧ ਭਾਰਤੀ ਇਹ ਆਸ ਰਖਦੇ ਹਨ ਕਿ ਉਹ ਅੱਜ ਦੇ ਭਾਰਤ ਨੂੰ ਦਰਪੇਸ਼ ਮੁਖ ਸਵਾਲਾਂ ਨੂੰ ਸੁਲਝਾ ਕੇ ਆਉਣਗੇ । ਪਰ ਭਾਰਤ ਤੋਂ ਆ ਰਹੀਆਂ ਖਬਰਾਂ ਦਸਦੀਆਂ ਹਨ ਕਿ ਅਜਿਹੀ ਆਸ ਰੱਖਣੀ ਵਿਅਰਥ ਹੈ ।

ਜਦੋਂ ਸ੍ਰੀ ਰਾਜੀਵ ਪ੍ਰਧਾਨ ਮੰਤਰੀ ਬਣੇ ਸਨ ਤਾਂ ਭਾਰਤ ਦੇ ਆਮ ਲੋਕਾਂ ਨੇ ਵੱਡੀ ਭਾਰੀ ਗਿਣਤੀ ਵਿਚ ਆਪਣਾ ਵਿਸ਼ਵਾਸ ਉਨ੍ਹਾਂ ਦੀ ਪਾਰਟੀ ਕਾਂਗਰਸ (ਇ) ਵਿਚ ਪ੍ਰਗਟ ਕੀਤਾ ਸੀ ਕਿ ਉਹ ਨੌਜੁਆਨ ਹਨ ਅਤੇ ਵਿਸ਼ਾਲ ਦ੍ਰਿਸ਼ਟੀ ਨਾਲ ਪੰਜਾਬ, ਆਸਾਮ, ਮੀਜ਼ਰਾਮ ਆਦਿ ਮਸਲਿਆਂ ਨੂੰ ਨਜਿਠਣਗੇ । ਕੇਂਦਰ ਵਿਚ ਇਕੱਠੀ ਹੋਈ ਪ੍ਰਬੰਧਕੀ ਤਾਕਤ ਨੂੰ ਰਾਜਾਂ ਨੂੰ ਵੱਧ ਅਧਿਕਾਰ ਦੇਕੇ ਵਿਕੇਂਦਰਤ ਕਰਨਗੇ । ਮਹਿੰਗਾਈ, ਭ੍ਰਿਸ਼ਟਾਚਾਰ, ਮਜ਼ਦੂਰਾਂ-ਕਿਸਾਨਾਂ-ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਪ੍ਰਵਾਨ ਕਰਨਗੇ, ਵਿਦੇਸ਼ੀ ਵਪਾਰ ਦਾ ਕੌਮੀ ਕਰਨ, ਆਮ ਲੋਕਾਂ ਨੂੰ ਭਾਰੀ ਟੈਕਸਾਂ ਤੋਂ ਛੋਟ ਅਤੇ ਵੱਡੇ ਧੰਨ ਕੁਬੇਰਾਂ ਉਪਰ ਟੈਕਸਾਂ ਦਾ ਭਾਰ ਪਾਉਣਗੇ । ਪ੍ਰੰਤੂ ਲੋਕਾਂ ਨੂੰ ਅੱਜ ਢਾਈ ਸਾਲ ਬਾਅਦ ਸਿਰਫ ਨਿਰਾਸ਼ਤਾ ਹੀ ਨਹੀਂ ਹੋਈ ਕਿ ਰਾਜੀਵ-ਸਰਕਾਰ ਕਿਤੇ ਵੀ ਆਸ ਨੂੰ ਪੂਰੀ ਨਹੀਂ ਕਰ ਸਕੀ । ਸਗੋਂ ਇਨ੍ਹਾਂ ਮੁਸ਼ਕਲਾਂ ਵਿਚ ਆਪਣੀਆਂ ਗਲਤ ਨੀਤੀਆਂ ਦੇ ਕਾਰਨ ਹੋਰ ਉਲਝ ਗਈ ਹੈ । ਅਸੀਂ ਦੇਖ ਸਕਦੇ ਹਾਂ ਕਿ :

— ਪੰਜਾਬ ਦਾ ਮਸਲਾ ਲੌਂਗੋਵਾਲ-ਰਾਜੀਵ ਸਮਝੌਤੇ ਨੂੰ ਲਾਗੂ ਕਰਨ ਨਾਲ ਸੁਲਝ ਸਕਦਾ ਸੀ ਪਰ ਉਸ ਉਪਰ ਤੰਗ ਰਾਜਸੀ ਲਾਭ ਲਈ ਅਮਲ ਨਾ ਕੀਤਾ ਗਿਆ ।

— ਪੰਜਾਬ ਦੇ ਰਾਜਸੀ ਹੱਲ ਕਰਨ ਦੀ ਥਾਂ ਉਪਰ ਅਮਨ-ਕਾਨੂੰਨ ਦੀ ਸਮੱਸਿਆ ਨੂੰ ਹੱਲ ਕਰਨ ਲਈ ਜ਼ੋਰ ਲਾਇਆ ਜਾ ਰਿਹਾ ਹੈ ਜਦੋਂ ਕਿ ਇਹ ਸਮੱਸਿਆ ਪੰਜਾਬ ਦੇ ਰਾਜਸੀ ਹੱਲ ਨੂੰ ਨਾ ਕਰਨ ਦੇ ਕਾਰਨ ਪੈਦਾ ਹੋਈ ਹੈ ।

— ਭਾਰਤ ਦੇ ਲੋਕਾਂ ਦੀ ਏਕਤਾ ਅਤੇ ਭੂਗੋਲਿਕ ਅਖੰਡਤਾ ਨੂੰ ਸੰਜੀਦਗੀ ਨਾਲ ਕਾਇਮ ਰੱਖਣ ਲਈ ਅਸਫਲਤਾ ਦਾ ਕਾਰਨ, ਕਾਂਗਰਸ ਸਰਕਾਰ ਦੀਆਂ


Autoplan

AUTHORIZED AGENT

For Quick, Efficient & Friendly Service
on Any Type of Insurance,
Contact your Friendly Agent

ਹਰ ਪ੍ਰਕਾਰ ਦੀ ਇਨਸ਼ੋਰੈਂਸ ਲਈ ਫੁਰਤ,
ਭਰੋਸੇਯੋਗ ਅਤੇ ਦੋਸਤਾਨਾ ਸਰਵਿਸ ਲਈ ਸਾਨੂੰ

NARWAL INSURANCE AGENCY
6415 Main Street, Vancouver, B.C. V5W 2V5
Bus. 324-4944 Res. 291-7689

AUTOPLAN HOMEOWNERS, CONDOMINIUM, TENANTS INSURANCE, COMMERCIAL, BOAT, TRAVEL AND SICKNESS



ZARINA KANANI
ਜ਼ਰੀਨਾ ਕਨਾਨੀ

ਇਸੇ ਨੁਕਤੇ ਉਤੇ ਜ਼ੋਰ ਦਿਤਾ ਹੈ। ਅਸੀਂ ਆਪਣੇ ਦੇਸ਼ ਦੀਆਂ ਸਾਰੀਆਂ ਜਮਹੂਰੀ ਅਤੇ ਧਰਮ ਨਿਰਲੇਪ ਤਾਕਤਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਸਾਡੇ ਨਾਲ ਖਲੋਣ। ਜਦੋਂ ਤਕ ਉਹ ਸਾਡੀ ਗੁਟ ਨਿਰਲੇਪ ਬਦੇਸ਼ ਨੀਤੀ ਦੀ ਹਿਮਾਇਤ ਕਰਦੇ ਹਨ ਅਤੇ ਕੇਂਦਰ ਵਿਰੁੱਧ ਨਾਹਰੇ ਲਗਾਉਂਦੇ ਹਨ, ਸਾਨੂੰ ਉਹਨਾਂ ਨਾਲ ਕੰਮ ਕਰਨ ਵਿਚ ਕੋਈ ਗਲਤੀ ਮਹਿਸੂਸ ਨਹੀਂ ਹੁੰਦੀ।

## ਫਿਰਕੂ ਤਾਕਤਾਂ ਦੀ ਵਿਰੋਧਤਾ ਕਰੋ

ਇਸ ਦੇ ਨਾਲ ਹੀ ਸਾਨੂੰ ਦੇਸ਼ ਦੀਆਂ ਫਿਰਕੂ ਅਤੇ ਵੱਖਵਾਦੀ-ਤਾਕਤਾਂ ਦੀ ਵਿਰੋਧਤਾ ਕਰਨੀ ਪਵੇਗੀ। ਇਹ ਵਿਰੋਧੀ ਧਿਰ ਦੀ ਏਕਤਾ ਦਾ ਸਾਂਝਾ ਆਧਾਰ ਹੋਵੇਗਾ। ਸਾਡਾ ਕਾਰਜ ਹੋਵੇਗਾ ਕਿ ਪਬਲਿਕ ਸੈਕਟਰ ਨੂੰ ਮਜ਼ਬੂਤ ਕੀਤਾ ਜਾਵੇ ਅਤੇ ਸਾਰੀਆਂ ਲੋੜੀਂਦੀਆਂ ਵਸਤਾਂ ਸਾਰੇ ਲੋਕਾਂ ਨੂੰ ਯੋਗ ਕੀਮਤਾਂ ਤੇ ਮੁਹਈਆ ਕੀਤੀਆਂ ਜਾਣ। ਅਸੀਂ ਹੁਣ ਰਾਜੀਵ ਸਰਕਾਰ ਦੇ ਅਸਤੀਫੇ ਦੀ ਮੰਗ ਕਰ ਰਹੇ ਹਾਂ। ਸਾਨੂੰ ਇਕ ਮੁਤਬਾਦਲ ਉਸਾਰਨ ਲਈ ਸੰਘਰਸ਼ ਕਰਨਾ ਪਵੇਗਾ। ਲੋਕ ਜਮਹੂਰੀ ਇਨਕਲਾਬ ਦੀ ਪ੍ਰਾਪਤੀ ਲਈ ਇਹ ਮੀਲ-ਪੱਥਰ ਹਨ। ਸਾਥੀ ਬਾਸੂ ਨੇ ਕਿਹਾ।

ਪੰਜ ਸਾਲਾ ਯੋਜਨਾਵਾਂ ਨੇ ਲੋਕਾਂ ਦੀਆਂ ਇੱਛਾਵਾਂ ਪੂਰੀਆਂ ਨਹੀਂ ਕੀਤੀਆਂ। ਬੇਰੁਜ਼ਗਾਰੀ ਛੜੱਪੇ ਮਾਰਕੇ ਵਧ ਰਹੀ ਹੈ। ਕੀਮਤਾਂ ਇਕ ਬਹੁਤ ਹੀ ਬੇਕਾਬੂ ਢੰਗ ਨਾਲ ਵਧ ਗਈਆਂ ਹਨ। ਫੈਕਟਰੀਆਂ ਬੰਦ ਹੋ ਰਹੀਆਂ ਹਨ। ਪੂੰਜੀ ਨਿਵੇਸ਼ ਹੇਠਾਂ ਡਿਗ ਪਿਆ ਹੈ। ਅਸੀਂ 14 ਲੋੜੀਂਦੀਆਂ ਵਸਤਾਂ ਦੀਆਂ ਕੀਮਤਾਂ ਨਿਸ਼ਚਿਤ ਕਰਨ ਦੀ ਮੰਗ ਕਰਦੇ ਹਾਂ ਅਤੇ ਇਹ ਵੀ ਮੰਗ ਕਰਦੇ ਹਾਂ ਕਿ ਵਾਦੀਆਂ ਤੋਂ ਬਾਅਦ ਪੇਂਡੂ ਲੋਕਾਂ ਲਈ ਸਹੂਲਤਾਂ ਪੈਦਾ ਕੀਤੀਆਂ ਜਾਣ। ਹੁਣ ਸਿਰਫ ਆਰਥਕ ਸੰਕਟ ਹੀ ਦਰਪੇਸ਼ ਨਹੀਂ ਹੈ ਸਗੋਂ ਹਕੂਮਤ ਵਿਰੁਧ ਭਰਿਸ਼ਟਾਚਾਰ ਦੇ ਦੋਸ਼ ਵੀ ਸਾਹਮਣੇ ਆ ਚੁਕੇ ਹਨ।

ਰਾਜੀਵ ਹਕੂਮਤ ਦਿਨੋ-ਦਿਨ ਵਧ ਰਹੀਆਂ ਕੀਮਤਾਂ ਕਾਰਨ ਪੈਦਾ ਹੋਏ ਸੰਕਟ ਦਾ ਬੋਝ ਆਮ ਲੋਕਾਂ ਤੇ ਪਾ ਰਹੀ ਹੈ। ਇਹ ਸਿਰਫ ਹੁਣ ਹੀ ਹੈ ਕਿ ਰਾਜੀਵ ਸਰਕਾਰ ਨੂੰ ਸਾਮਰਾਜ ਦਾ ਭੂਤ ਦਿਖਾਈ ਦੇਣ ਲਗ ਪਿਆ ਹੈ। ਪਰ ਸਾਨੂੰ ਪਤਾ ਹੈ ਕਿ ਉਹ ਕਿਵੇਂ ਦੇਸ਼ ਵਿਚ ਸਾਮਰਾਜੀ ਦਖਲ-ਅੰਦਾਜ਼ੀ ਲਈ ਆਧਾਰ ਪੈਦਾ ਕਰ ਰਹੇ ਹਨ। ਅਤੇ ਅਸੀਂ ਬਹੁਤ ਸ਼ੁਰੂ ਤੋਂ ਹੀ ਇਹ ਕਿਹਾ ਸੀ।

ਅਜਿਹੀ ਸਰਕਾਰ ਲਈ ਨੌਜਵਾਨਾਂ ਵਿਚ ਭੁਲੇਖੇ ਪੈਦਾ ਕਰਨ ਵਾਲੇ ਬਿਆਨ ਦੇਣਾ ਆਸਾਨ ਹੈ। ਕਿਉਂਕਿ ਉਹ ਨਵੇਂ ਨੌਕਰੀ ਮੌਕੇ ਪੈਦਾ ਕਰਨ ਵਿਚ ਅਸਫਲ ਰਹੇ ਹਨ ਤੇ ਹੁਣ ਉਹਨਾਂ ਸਵੈ-ਰੁਜ਼ਗਾਰ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿਤਾ ਹੈ। ਉਹ ਨੌਜਵਾਨਾਂ ਨੂੰ ਜਾਤਪਾਤ, ਧਰਮ ਅਤੇ ਬੋਲੀ ਦੇ ਆਧਾਰ ਉਤੇ ਵੰਡਣ ਦੀਆਂ ਲਗਾਤਾਰ ਕੋਸ਼ਸ਼ਾਂ ਕਰ ਰਹੇ ਹਨ। ਸਾਥੀ ਜਿਓਤੀ ਬਾਸੂ ਨੇ ਡੀ. ਵਾਈ.ਐਫ. ਆਈ. ਦੇ ਨੌਜਵਾਨਾਂ ਨੂੰ ਸੱਦਾ ਦਿਤਾ ਕਿ ਉਹ ਇਹਨਾਂ ਤਾਕਤਾਂ ਦਾ ਵਿਰੋਧ ਕਰਨ ਅਤੇ ਲੋਕ-ਮਾਰੂ ਨੀਤੀਆਂ ਵਿਰੁਧ ਮੁਹਿੰਮ ਚਲਾਉਣ। ਉਹਨਾਂ ਨੂੰ ਕਾਂਗਰਸ (ਆਈ) ਦੀਆਂ ਨੀਤੀਆਂ ਵਿਰੁਧ ਲੜਨ ਦਾ ਕਾਰਜ ਪੂਰੀ ਦ੍ਰਿੜ੍ਹਤਾ ਤੇ ਲਗਨ ਨਾਲ ਲੈਣਾ ਚਾਹੀਦਾ ਹੈ। ਉਹਨਾਂ ਨੂੰ ਸਮਾਜ ਦੇ ਸਾਰੇ ਵਰਗਾਂ ਵਿਦਿਆਰਥੀਆਂ, ਔਰਤਾਂ, ਮੁਲਾਜ਼ਮਾਂ ਨਾਲ ਕਦਮ ਨਾਲ ਕਦਮ ਮਿਲਾ ਕੇ ਸੰਘਰਸ਼ ਕਰਨਾ ਚਾਹੀਦਾ ਹੈ। ਦੇਸ਼ ਭਰ ਦੇ ਲੋਕ ਜਾਗ ਰਹੇ ਹਨ। ਸਾਥੀ ਜਿਓਤੀ ਬਾਸੂ ਨੇ ਅੰਤ ਵਿਚ ਕਿਹਾ ਕਿ ਸਾਡਾ ਲੋਕਾਂ ਵਿਚ ਵਿਸ਼ਵਾਸ ਹੋਣਾ ਚਾਹੀਦਾ ਹੈ ਅਤੇ ਇਹ ਲੋਕ ਹੀ ਹਨ ਜਿਹਨਾਂ ਦੀ ਕਿ ਅਖੀਰ ਜਿੱਤ ਹੋਵੇਗੀ।

## ਸੁਰੱਖਿਅਤਾ ਦਾ ਬਹਾਨਾ

ਇਸ ਰੈਲੀ ਦੀ ਪ੍ਰਧਾਨਗੀ ਡੀ. ਵਾਈ.ਐਫ.ਆਈ. ਦੀ ਪੱਛਮੀ ਬੰਗਾਲ ਸੂਬਾ ਕਮੇਟੀ ਦੇ ਸੈਕਟਰੀ ਬੋਰੇਨ ਬਾਸੂ ਨੇ ਕੀਤੀ। ਇਸ ਰੈਲੀ ਨੂੰ ਸੀ. ਪੀ. ਆਈ. (ਐਮ) ਸੂਬਾ ਸਕੱਤਰੇਤ ਦੇ ਮੈਂਬਰ ਬਿਮਨ ਬਾਸੂ ਨੇ ਵੀ ਸੰਬੋਧਨ ਕੀਤਾ। ਉਹਨਾਂ ਕਿਹਾ ਕਿ ਇਹ ਪਹਿਲਾਂ ਕਦੇ ਨਹੀਂ ਹੋਇਆ ਕਿ ਪ੍ਰਧਾਨਮੰਤਰੀ ਉਤੇ ਭਰਿਸ਼ਟਾਚਾਰ ਦੇ ਦੋਸ਼ ਲਗੇ ਹੋਣ।

ਰਾਜੀਵ ਗਾਂਧੀ ਨੂੰ ਇਹਨਾਂ ਸੁਆਲਾਂ ਦਾ ਜੁਆਬ ਦੇਣਾ ਪਵੇਗਾ ਕਿ ਬਦੇਸ਼ੀ ਤਾਕਤਾਂ ਨੂੰ ਭਾਰਤ ਵਿਚ ਮਨਮਰਜ਼ੀ ਕਰਨ ਦੀ ਖੁਲ੍ਹ ਕਿਉਂ ਦਿਤੀ ਜਾ ਰਹੀ ਹੈ।

ਬਾਰੇਨ ਬਾਸੂ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਦੀ ਸਥਿਤੀ ਯਾਦ ਕਰਵਾਈ ਜਦੋਂ ਵੋਟਰ ਦੇ ਸਾਹਮਣੇ ਦੇਸ਼ ਦੀ ਏਕਤਾ ਤੇ ਅਖੰਡਤਾ ਦਾ ਸੁਆਲ ਪੈਦਾ ਹੋ ਗਿਆ ਸੀ। ਪਰ ਇਸ ਸਰਕਾਰ ਦੀ ਢਾਈ ਸਾਲਾਂ ਦੀ ਹਕੂਮਤ ਨੇ ਸਿਧ ਕਰ ਦਿਤਾ ਹੈ ਕਿ ਇਹ ਦੇਸ਼ ਦੀ ਏਕਤਾ ਹੈ ਜਿਹੜੀ ਕਿ ਪੂਰੀ ਤਰਾਂ ਖਤਰੇ ਵਿਚ ਹੈ। ਦੇਸ਼ ਦੇ ਬਹੁਤ ਸਾਰੇ ਹਿਸਿਆਂ ਵਿਚ ਫਿਰਕੂ ਦੰਗੇ ਹੋ ਰਹੇ ਹਨ। ਉਹਨਾਂ ਕਿਹਾ ਕਿ ਇਹ ਰੈਲੀ ਇਹਨਾਂ ਸਾਰੇ ਸੁਆਲਾਂ ਤੋਂ ਕੇਂਦਰ ਸਰਕਾਰ ਨੂੰ ਸੁਚੇਤ ਕਰਨ ਦੀ ਕੋਸ਼ਸ਼ ਹੈ।

ਡੀ.ਵਾਈ.ਐਫ.ਆਈ. ਦੇ ਜਨਰਲ ਸਕੱਤਰ ਹਨਾਨ ਮੁਲ੍ਹਾ ਨੇ ਨੌਜਵਾਨਾਂ ਨੂੰ ਇਨਕਲਾਬੀ ਸ਼ੁਭ ਇਛਾਵਾਂ ਭੇਜੀਆਂ ਜਿਹੜੇ ਕਿ ਨੈਤਿਕ ਸੁਆਲ ਤੋਂ ਇਕ-ਮੁਠ ਹੋ ਕੇ ਉਠੇ ਹਨ। ਡੀ. ਵਾਈ.ਐਫ. ਆਈ. ਦੇਸ਼ ਦੀ ਏਕਤਾ ਦੀ ਰਾਖੀ ਕਰਨ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਹੈ। ਕੇਰਲਾ ਡੀ. ਵਾਈ.ਐਫ.ਆਈ. ਵਲੋਂ ਆਯੋਜਤ 700 ਕਿਲੋਮੀਟਰ ਲੰਬੀ ਮਨੁੱਖੀ ਜੰਜੀਰ ਨੇ ਇਕ ਵਾਰ ਫਿਰ ਸਿੱਧ ਕਰ ਦਿਤਾ ਹੈ ਕਿ ਇਸ ਦੇ ਮੈਂਬਰ ਪੂਰੀ ਤਰਾਂ ਦ੍ਰਿੜ੍ਹ ਤੇ ਸਿਰੜੀ ਹਨ। ਇਹ ਸਾਡਾ ਕਾਰਜ ਹੈ ਕਿ ਅਸੀਂ

( ਬਾਕੀ ਸਫ਼ਾ ੫੩ )

ਪੰਜਾਬੀ ਮਾਰਕਿਟ ਵਿਚ

**ਮਾਨ ਸ਼ੂਅ ਸਟੋਰ**

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ,
ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਮਾਨ

MENS, LADIES & CHILDRENS'
SHOES AND LEATHER
LUGGAGE & ACCESSORIES

ਮਹਿੰਦਰ ਸਿੰਘ ਮਾਨ — Mohinder Singh Mann

321-4353

MANN SHOE STORE
6570 MAIN ST., VANCOUVER, B.C.

# ਪ੍ਰਧਾਨ ਮੰਤਰੀ ਜੀ ! ਨਵਾਂ ਫਤਵਾ ਲਵੋ

ਸੁਖੀ ਅਮਰਜੀਤ

11 ਤੋਂ 15 ਅਕਤੂਬਰ 1987 ਨੂੰ ਵੈਨਕੂਵਰ ਵਿਚ ਹੋ ਰਹੀ ਕਾਮਨਵੈਲਥ ਦੇਸ਼ਾਂ ਦੀ ਕਾਨਫਰੰਸ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਵੀ ਆ ਰਹੇ ਹਨ। ਭਾਰਤ ਸੰਸਾਰ ਦਾ ਇਕ ਬੜਾ ਹੀ ਮਹੱਤਵਪੂਰਨ ਦੇਸ਼ ਹੈ। ਭਾਰਤ ਦੇ ਵਸੋਂ ਦੇ ਪੱਖੋਂ ਚੀਨ ਪਿਛੋਂ ਦੂਜਾ ਦੇਸ਼ ਹੋਣ ਦੇ ਨਾਤੇ ਵੀ, ਇਸ ਵਲੋਂ ਧਾਰਨ ਕੀਤੀ ਬਦੇਸ਼ੀ ਨੀਤੀ ਦਾ ਬੜਾ ਉਘਾ ਸਥਾਨ ਹੈ। ਇਸ ਦੇ ਨਾਲ ਹੀ ਭਾਰਤ ਦਾ ਗੈਰ-ਜਾਨਵਦਾਰ ਦੇਸ਼ਾਂ ਦੀ ਲਹਿਰ ਦਾ ਮੋਢੀ ਦੇਸ਼ ਹੋਣ ਦੇ ਸੰਬੰਧ ਵਿਚ ਅਤੇ ਗੈਰਜਾਨਵਦਾਰ ਲਹਿਰ ਵਿਚ ਭਾਰਤ ਦੇ ਸਾਮਰਾਜ ਵਿਰੋਧੀ, ਸੰਸਾਰ ਅਮਨ ਦੇ ਇੱਛਕ ਅਤੇ ਦੱਖਣੀ ਅਫਰੀਕਾ ਸੰਬੰਧੀ ਨਿਗਰ ਸਟੈਂਡ ਲੈਣ ਦੇ ਕਾਰਨ ਵੀ ਸੰਸਾਰ ਭਰ ਵਿਚ ਆਪਣਾ ਵਿਸ਼ੇਸ਼ ਸਥਾਨ ਹੈ।

ਜਦੋਂ ਭਾਰਤ ਦਾ ਪ੍ਰਧਾਨ ਮੰਤਰੀ ਕੋਈ ਅਜਿਹਾ ਸਟੈਂਡ ਲੈਂਦਾ ਹੈ ਜੋ ਤੀਜੇ ਸੰਸਾਰ ਦੇ ਦੇਸ਼ਾਂ ਨੂੰ ਨਾਲ ਜੋੜ ਕੇ ਇਕ ਲਹਿਰ ਦਾ ਰੂਪ ਦਿੰਦਾ ਹੋਵੇ ਤਾਂ ਇਸ ਦਾ ਅਰਥ ਬਹੁਤਾ ਪ੍ਰਧਾਨ ਮੰਤਰੀ ਦੇ ਵਿਅਕਤੀਗਤ ਰੂਪ ਵਿਚ ਨਹੀਂ, ਸਗੋਂ 80 ਕਰੋੜ ਲੋਕਾਂ ਦੇ ਪ੍ਰਤੀਨਿਧ ਦੇ ਰੂਪ ਵਿਚ ਲਿਆ ਜਾਂਦਾ ਹੈ।

ਅਸੀਂ ਭਾਰਤ ਦੀ ਗੈਰ ਜਾਨਵਦਾਰੀ ਦੀ, ਦੱਖਣੀ ਅਫਰੀਕਾ ਦੇ ਨਸਲੀ ਪ੍ਰਬੰਧ ਦੇ ਮੁਖੀ ਵਿਰੋਧੀ ਹੋਣ ਦੇ ਅਤੇ ਸੰਸਾਰ ਅਮਨ ਲਈ ਖੜੋਣ ਦੀ ਬਦੇਸ਼ ਨੀਤੀ ਦੇ ਸਦਾ ਹੀ ਸਮਰਥਕ ਰਹੇ ਹਾਂ ਅਤੇ ਹੁਣ ਵੀ ਹਾਂ।

ਭਾਵੇਂ ਕਿ ਹਾਕਮ ਕਾਂਗਰਸ ਪਾਰਟੀ ਦੇ ਆਗੂ ਸ੍ਰੀ ਰਾਜੀਵ ਗਾਂਧੀ ਅਤੇ ਉਸਦੀ ਪਾਰਟੀ ਦੀ ਅਸੀਂ ਇਸ ਗਲੋਂ ਸਦਾ ਹੀ ਤਿੱਖੀ ਨੁਕਤਾਚੀਨੀ ਕਰਦੇ ਹਾਂ ਕਿ ਉਹ ਅਮਨ ਦੇ ਸਵਾਲ ਨੂੰ ਗੈਰਜਾਨਵਦਾਰੀ ਦੀ ਨੀਤੀ ਦੇ ਸਵਾਲ ਨੂੰ ਅਤੇ ਦੱਖਣੀ ਅਫਰੀਕਾ ਦੇ ਸਵਾਲ ਨੂੰ ਸਮੇਤ ਸਾਮਰਾਜ ਦੇ ਵਿਰੋਧ ਨੂੰ, ਆਮ ਲੋਕਾਂ ਵਿਚ ਨਹੀਂ ਲਿਜਾ ਰਹੇ। ਏਸੇ ਲਈ ਭਾਰਤ ਦੀਆਂ ਵਿਰੋਧੀ ਪਾਰਟੀਆਂ ਦੀ ਮੁਖੀ ਆਗੂ ਪਾਰਟੀ, ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਨੇ ਇਨ੍ਹਾਂ ਉਪਰੋਕਤ ਸਵਾਲਾਂ ਨੂੰ ਕਦੇ ਵੀ ਸਰਕਾਰ ਅਤੇ ਕਾਂਗਰਸ ਪਾਰਟੀ ਗੋਚਰੇ ਨਹੀਂ ਛੱਡਿਆ। ਉਸ ਨੇ ਇਨ੍ਹਾਂ ਸਵਾਲਾਂ ਦੇ ਸੰਬੰਧ ਵਿਚ ਲੋਕਾਂ ਨੂੰ ਜਾਗਰਤ ਕਰਨ ਲਈ ਮੁਹਿੰਮਾਂ ਚਲਾਈਆਂ, ਜਿੰਨ੍ਹਾਂ ਵਿਚ 4 ਸਤੰਬਰ 1987 ਨੂੰ ਕਲਕੱਤੇ ਵਿਚ ਦੋ ਲੱਖਾਂ ਲੋਕਾਂ ਦੇ ਸਾਮਰਾਜ ਦੀ ਜੰਗੀ ਨੀਤੀ ਵਿਰੁਧ ਅਤੇ ਸੰਸਾਰ ਅਮਨ ਦੇ ਲਈ ਕੱਢੇ ਗਏ ਜਲੂਸ ਨੂੰ ਉਦਾਹਰਣ ਵਜੋਂ ਲੈ ਸਕਦੇ ਹਾਂ।

ਸ੍ਰੀ ਰਾਜੀਵ ਗਾਂਧੀ ਹੁਣ ਜਦੋਂ ਕਾਮਨਵੈਲਥ ਦੇਸ਼ਾਂ ਦੀ ਕਾਨਫਰੰਸ ਵਿਚ ਭਾਗ ਲੈਣ ਲਈ ਸਾਡੇ ਸ਼ਹਿਰ ਵੈਨਕੂਵਰ ਆ ਰਹੇ ਹਨ ਤਾਂ ਅਸੀਂ ਜਿਥੇ ਇਹ ਦੇਖਣਾ ਚਾਹੁੰਦੇ ਹਾਂ ਕਿ ਬਦੇਸ਼ ਨੀਤੀ ਦੇ ਉਪਰੋਕਤ ਸਵਾਲਾਂ ਉਪਰ ਦ੍ਰਿੜ ਸਟੈਂਡ ਨੂੰ ਲੈਂਦੇ ਹੋਏ, ਕਾਨਫਰੰਸ ਦੇ ਮੁਖ ਏਜੰਡੇ ਦੱਖਣੀ ਅਫਰੀਕਾ ਬਾਰੇ ਅਜਿਹੇ ਸਟੈਂਡ ਲਈ ਦੂਜੇ ਦੇਸ਼ਾਂ ਨੂੰ ਸਹਿਮਤ ਕਰਨ ਲਈ ਜ਼ੋਰ ਲਾਉਣ। ਉਹ ਅਫਰੀਕੀ ਨੈਸ਼ਨਲ ਕਾਂਗਰਸ ਨੂੰ, ਉਨ੍ਹਾਂ ਦੇ ਮਨੁੱਖੀ ਬਰਾਬਰਤਾ ਅਤੇ ਇਨਸਾਫ ਲਈ ਜਮਹੂਰੀ ਸੰਘਰਸ਼ ਵਿਚ ਪੂਰਨ ਸਾਥ-ਸਹਿਯੋਗ ਦੇਣ। ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਦਾ ਮੁਕੰਮਲ ਆਰਥਕ ਬਾਈਕਾਟ ਕੀਤਾ ਜਾਵੇ ਅਤੇ ਅਫਰੀਕਨ ਨੈਸ਼ਨਲ ਕਾਂਗਰਸ ਨੂੰ ਹਥਿਆਰਾਂ ਸਮੇਤ ਸਹਾਇਤਾ ਦਿਤੀ ਜਾਵੇ। ਦੱਖਣੀ ਅਫਰੀਕਾ ਦੇ ਬਾਰਡਰ ਨਾਲ ਲਗਦੇ ਦੇਸ਼ਾਂ ਨੂੰ ਪੂਰੀ ਆਰਥਕ ਅਤੇ ਫੌਜੀ ਸਹਾਇਤਾ ਦਿਤੀ ਜਾਵੇ ਤਾਂ ਜੋ ਉਹ ਦੱਖਣੀ ਅਫਰੀਕਾ ਵਲੋਂ ਕੀਤੇ ਸਮੇਂ ਸਮੇਂ ਹਮਲਿਆਂ ਤੋਂ ਆਪਣੀ ਰਾਖੀ ਕਰ ਸਕਣ ਅਤੇ ਇਨਸਾਫ ਲਈ ਬਰਾਬਰਤਾ ਲਈ ਲੜ ਰਹੀ ਜਨਤਾ ਨੂੰ ਕਾਰਗਰ ਸਹਾਇਤਾ ਦੇ ਸਕਣ।

ਜਦੋਂ ਪ੍ਰਧਾਨ ਮੰਤਰੀ ਵੈਨਕੂਵਰ ਆ ਰਹੇ ਹਨ ਤਾਂ ਕੈਨੇਡਾ ਵਿਚ ਰਹਿਣ ਵਾਲੇ ਤਿੰਨ ਲੱਖ ਤੋਂ ਵੱਧ ਭਾਰਤੀ ਇਹ ਆਸ ਰਖਦੇ ਹਨ ਕਿ ਉਹ ਅੱਜ ਦੇ ਭਾਰਤ ਨੂੰ ਦਰਪੇਸ਼ ਮੁਖ ਸਵਾਲਾਂ ਨੂੰ ਸੁਲਝਾ ਕੇ ਆਉਣਗੇ। ਪਰ ਭਾਰਤ ਤੋਂ ਆ ਰਹੀਆਂ ਖਬਰਾਂ ਦਸਦੀਆਂ ਹਨ ਕਿ ਅਜਿਹੀ ਆਸ ਰੱਖਣੀ ਵਿਅਰਥ ਹੈ।

ਜਦੋਂ ਸ੍ਰੀ ਰਾਜੀਵ ਪ੍ਰਧਾਨ ਮੰਤਰੀ ਬਣੇ ਸਨ ਤਾਂ ਭਾਰਤ ਦੇ ਆਮ ਲੋਕਾਂ ਨੇ ਵੱਡੀ ਭਾਰੀ ਗਿਣਤੀ ਵਿਚ ਆਪਣਾ ਵਿਸ਼ਵਾਸ ਉਨ੍ਹਾਂ ਦੀ ਪਾਰਟੀ ਕਾਂਗਰਸ (ਇ) ਵਿਚ ਪ੍ਰਗਟ ਕੀਤਾ ਸੀ ਕਿ ਉਹ ਨੌਜੁਆਨ ਹਨ ਅਤੇ ਵਿਸ਼ਾਲ ਦ੍ਰਿਸ਼ਟੀ ਨਾਲ ਪੰਜਾਬ, ਆਸਾਮ, ਮੀਜ਼ਰਾਮ ਆਦਿ ਮਸਲਿਆਂ ਨੂੰ ਨਜਿਠਣਗੇ। ਕੇਂਦਰ ਵਿਚ ਇਕੱਠੀ ਹੋਈ ਪ੍ਰਬੰਧਕੀ ਤਾਕਤ ਨੂੰ ਰਾਜਾਂ ਨੂੰ ਵੱਧ ਅਧਿਕਾਰ ਦੇਕੇ ਵਿਕੇਂਦਰਤ ਕਰਨਗੇ। ਮਹਿੰਗਾਈ, ਭ੍ਰਿਸ਼ਟਾਚਾਰ, ਮਜ਼ਦੂਰਾਂ-ਕਿਸਾਨਾਂ-ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਪ੍ਰਵਾਨ ਕਰਨਗੇ, ਵਿਦੇਸ਼ੀ ਵਪਾਰ ਦਾ ਕੌਮੀ ਕਰਨ, ਆਮ ਲੋਕਾਂ ਨੂੰ ਭਾਰੀ ਟੈਕਸਾਂ ਤੋਂ ਛੋਟ ਅਤੇ ਵੱਡੇ ਧੰਨ ਕੁਬੇਰਾਂ ਉਪਰ ਟੈਕਸਾਂ ਦਾ ਭਾਰ ਪਾਉਣਗੇ। ਪ੍ਰੰਤੂ ਲੋਕਾਂ ਨੂੰ ਅੱਜ ਢਾਈ ਸਾਲ ਬਾਅਦ ਸਿਰਫ ਨਿਰਾਸ਼ਤਾ ਹੀ ਨਹੀਂ ਹੋਈ ਕਿ ਰਾਜੀਵ-ਸਰਕਾਰ ਕਿਤੇ ਵੀ ਆਸ ਨੂੰ ਪੂਰੀ ਨਹੀਂ ਕਰ ਸਕੀ। ਸਗੋਂ ਇਨ੍ਹਾਂ ਮੁਸ਼ਕਲਾਂ ਵਿਚ ਆਪਣੀਆਂ ਗਲਤ ਨੀਤੀਆਂ ਦੇ ਕਾਰਨ ਹੋਰ ਉਲਝ ਗਈ ਹੈ। ਅਸੀਂ ਦੇਖ ਸਕਦੇ ਹਾਂ ਕਿ :

— ਪੰਜਾਬ ਦਾ ਮਸਲਾ ਲੌਂਗੋਵਾਲ-ਰਾਜੀਵ ਸਮਝੌਤੇ ਨੂੰ ਲਾਗੂ ਕਰਨ ਨਾਲ ਸੁਲਝ ਸਕਦਾ ਸੀ ਪਰ ਉਸ ਉਪਰ ਤੰਗ ਰਾਜਸੀ ਲਾਭ ਲਈ ਅਮਲ ਨਾ ਕੀਤਾ ਗਿਆ।

— ਪੰਜਾਬ ਦੇ ਰਾਜਸੀ ਹੱਲ ਕਰਨ ਦੀ ਥਾਂ ਉਪਰ ਅਮਨ-ਕਾਨੂੰਨ ਦੀ ਸਮੱਸਿਆ ਨੂੰ ਹੱਲ ਕਰਨ ਲਈ ਜ਼ੋਰ ਲਾਇਆ ਜਾ ਰਿਹਾ ਹੈ ਜਦੋਂ ਕਿ ਇਹ ਸਮੱਸਿਆ ਪੰਜਾਬ ਦੇ ਰਾਜਸੀ ਹੱਲ ਨੂੰ ਨਾ ਕਰਨ ਦੇ ਕਾਰਨ ਪੈਦਾ ਹੋਈ ਹੈ।

— ਭਾਰਤ ਦੇ ਲੋਕਾਂ ਦੀ ਏਕਤਾ ਅਤੇ ਭੂਗੋਲਿਕ ਅਖੰਡਤਾ ਨੂੰ ਸੰਜੀਦਗੀ ਨਾਲ ਕਾਇਮ ਰੱਖਣ ਲਈ ਅਸਫਲਤਾ ਦਾ ਕਾਰਨ, ਕਾਂਗਰਸ ਸਰਕਾਰ ਦੀਆਂ

Autoplan
AUTHORIZED AGENT

For Quick, Efficient & Friendly Service
on Any Type of Insurance,
Contact your Friendly Agent

ਹਰ ਪ੍ਰਕਾਰ ਦੀ ਇਨਸ਼ੋਰੈਂਸ ਲਈ ਤੁਰੰਤ,
ਭਰੋਸੇਯੋਗ ਅਤੇ ਦੋਸਤਾਨਾ ਸਰਵਿਸ ਲਈ ਸਾਨੂੰ

NARWAL INSURANCE AGENCY
6415 Main Street, Vancouver, B.C. V5W 2V5
Bus. 324-4944 Res. 291-7689

AUTOPLAN HOMEOWNERS, CONDOMINIUM, TENANTS INSURANCE, COMMERCIAL, BOAT, TRAVEL AND SICKNESS



ZARINA KANANI
ਜ਼ਰੀਨਾ ਕਨਾਨੀ

ਚਾਲੀ ਸਾਲ ਪੁਰਾਣੀਆਂ ਆਰਥਕ ਨੀਤੀਆਂ ਹਨ ਜਿਨ੍ਹਾਂ ਲੋਕਾਂ ਵਿਚ ਨਿਰਾਸ਼ਤਾ ਪੈਦਾ ਕੀਤੀ ਹੈ। ਅਮੀਰ ਹੋਰ ਅਮੀਰ ਹੋਏ ਹਨ। ਨੌਜੁਆਨਾਂ ਨੂੰ ਆਪਣਾ ਭਵਿਖ ਧੁੰਦਲਾ ਨਜ਼ਰ ਆ ਰਿਹਾ ਹੈ।

— ਰਾਜੀਵ ਸਰਕਾਰ ਨੇ ਸਾਫ-ਸੁਥਰੇ ਰਾਜ ਪ੍ਰਬੰਧ ਦੇਣ ਦਾ ਬਚਨ ਦੇ ਕੇ ਸਗੋਂ ਖੁਦ ਵੱਡੇ ਭ੍ਰਿਸ਼ਟਾਚਾਰ ਦੇ ਸਕੈਂਡਲਾਂ ਵਿਚ ਭਾਗੀਦਾਰ ਹੋ ਕੇ, ਲੋਕਾਂ ਦੀ ਨਿਗਾਹ ਵਿਚੋਂ ਆਪਣੀ ਸਾਖ ਡੇਗ ਲਈ ਹੈ। ਜਦੋਂ ਵਿਰੋਧੀ ਪਾਰਟੀਆਂ ਵਲੋਂ ਲੋਕ ਸਭਾ ਵਿਚ ਸਵਾਲ ਉਠਾਏ ਗਏ ਤਾਂ ਸਰਕਾਰ ਨੇ ਸੱਚ ਦੱਸਣ ਦੀ ਥਾਂ ਪਰਦਾ ਪੋਸ਼ੀ ਕਰਨ ਦੀ ਕੋਸ਼ਿਸ਼ ਕੀਤੀ ਜੋ ਕਿ ਅਸਫਲ ਰਹੀ।

ਅੱਜ ਸਾਰਾ ਭਾਰਤ ਰਾਜੀਵ-ਸਰਕਾਰ ਨੂੰ ਭ੍ਰਿਸ਼ਟਾਚਾਰਾਂ ਦੀ ਸਰਕਾਰ ਵਜੋਂ ਦੇਖ ਰਿਹਾ ਹੈ।

— ਹਾਕਮ ਕਾਂਗਰਸ ਪਾਰਟੀ ਨੇ ਧਰਮ ਨਿਰਪੱਖਤਾ ਦੀ ਜੋ ਮਾੜੀ ਮੋਟੀ ਮੂੰਹ ਰੱਖਵੀਂ ਸਾਖ ਕਾਇਮ ਕੀਤੀ ਹੋਈ ਸੀ, ਉਹ ਪਿਛਲੇ ਸਾਲਾਂ ਵਿਚ ਖਤਮ ਹੋ ਗਈ ਹੈ ਜਦੋਂ ਇਸ ਨੇ ਆਪਣੀਆਂ ਵੋਟਾਂ ਦੇ ਲਈ ਹਰ ਫਿਰਕਾਪ੍ਰਸਤ ਨਾਲ ਸੰਬੰਧ ਜੋੜੇ। ਇਹ ਭਾਵੇਂ ਪੰਜਾਬ ਵਿਚ ਪਹਿਲਾਂ ਅਕਾਲੀ ਸਨ ਤੇ ਫਿਰ ਅਕਾਲੀਆਂ ਵਿਰੁਧ ਭਿੰਡਰਾਂਵਾਲੇ ਦੀ ਸਹਾਇਤਾ ਲੈਣ ਤੋਂ ਲੈ ਕੇ ਉਸ ਨੂੰ ਬਲੂ-ਸਟਾਰ ਦੇ ਦੁਖਾਂਤ ਤੱਕ ਪਹੁੰਚਾਉਣਾ ਸੀ। ਭਾਵੇਂ ਅਸਾਮ ਦੇ ਇਲਾਕਾਪ੍ਰਸਤ ਵੱਖਵਾਦੀ ਜਾਂ ਵੱਖਵਾਦੀ ਗੋਰਖਾਲੈਂਡੀ ਹੋਣ ਜਾਂ ਲਾਲਡੇਂਗਾ ਦਾ ਵਿਦਰੋਹੀ ਗਰੁੱਪ ਹੋਵੇ ਜਿਸ ਨੇ ਕਾਂਗਰਸ ਨਾਲ ਸਾਂਝੀ ਸਰਕਾਰ ਬਣਾ ਲਈ ਹੈ। ਭਾਵੇਂ ਇਹ ਕੇਰਲ ਵਿਚ ਮੁਸਲਮ ਲੀਗ ਹੋਵੇ ਜਿਸ ਨੇ ਕਾਂਗਰਸ ਨਾਲ ਪੱਕੀ ਜੋਟੀ ਪਾਈ ਹੋਵੇ ਜਾਂ ਭਾਰਤੀ ਜਨਤਾ ਪਾਰਟੀ ਦੇ ਹਿੰਦੂ ਫਿਰਕਾਪ੍ਰਸਤ ਹੋਣ ਜਿੰਨ੍ਹਾਂ ਨਾਲ ਕੇਰਲ ਵਿਚ ਚੋਣ ਸਮਝੌਤੇ ਕੀਤੇ। ਕਿਧਰੇ ਤ੍ਰੀਪੁਰਾ ਵਿਚ ਈਸਾਈ ਮਿਸ਼ਨਰੀ ਅਤੇ ਕਬਾਇਲੀ ਲੋਕਾਂ ਨੂੰ ਗੈਰ-ਕਬਾਇਲੀਆਂ ਅਤੇ ਗੈਰ ਕਬਾਇਲੀਆਂ ਨੂੰ ਕਬਾਇਲੀਆਂ ਵਿਰੁੱਧ ਵਰਤਕੇ ਮਾਰਕਸੀ ਪਾਰਟੀ ਦੀ ਸਰਕਾਰ ਨੂੰ ਡੇਗਣ ਦੇ ਘਟੀਆ ਯਤਨ ਹੋਣ।

ਗੱਲ ਕੀ ਜਿਹੜੇ ਲੋਕ ਕਾਂਗਰਸ ਨੂੰ ਹਿੰਦੂ ਸ਼ਾਵਨਵਾਦੀ ਪਾਰਟੀ ਦਿਖਾਉਣ ਦੇ ਯਤਨ ਕਰ ਰਹੇ ਹਨ ਉਹ ਕਾਂਗਰਸ ਦੇ ਵੱਡੀ ਸਰਮਾਏਦਾਰੀ ਦੀ ਅਗਵਾਈ ਵਾਲੇ ਸਰਮਾਏਦਾਰ-ਜਾਗੀਰਦਾਰ ਪ੍ਰਬੰਧ ਦੇ ਰੋਲ ਨੂੰ ਦੇਖਣ ਤੋਂ ਅਸਮਰਥ ਹਨ।

— ਕਾਂਗਰਸ ਵਿਚ ਕੇਵਲ ਹਿੰਦੂ ਹੀ ਨਹੀਂ ਹਨ, ਇਸ ਵਿਚ ਹਿੰਦੂ, ਮੁਸਲਮ, ਈਸਾਈ, ਪਾਰਸੀ, ਜੈਨੀ, ਬੋਧੀ ਅਤੇ ਸਿੱਖ ਧਰਮ ਨਾਲ ਸੰਬੰਧ ਰੱਖਣ ਵਾਲੇ ਲੋਕ ਵੀ ਹਨ, ਜੋ ਕਿ ਫਿਰਕੂ ਆਧਾਰ ਉਪਰ ਕਾਂਗਰਸ ਲਈ ਵੋਟਾਂ ਲਈ ਫਿਰਕਾਪ੍ਰਸਤੀ ਵੀ ਉਭਾਰਦੇ ਹਨ ਅਤੇ ਲੋਕਾਂ ਦੀ ਲੁਟੇਰੀਆਂ ਹਾਕਮਾਂ ਜਮਾਤਾਂ ਦੀ ਲੁੱਟ ਅਤੇ ਅਤਿਆਚਾਰ ਵਿਰੁਧ ਧਰਮ ਨਿਰਪੱਖ ਏਕਤਾ ਨੂੰ ਤੋੜਨ ਦਾ ਕੰਮ ਵੀ ਕਰਦੇ ਹਨ।

ਪੰਜਾਬ ਦਾ ਸੰਯੁਕਤ ਅਕਾਲੀ ਦਲ ਅਤੇ ਉਨ੍ਹਾਂ ਦੇ ਸਹਿਯੋਗੀ ਵਖਵਾਦੀ ਖਾਲਿਸਤਾਨੀ ਕਾਂਗਰਸ ਨਾਲ ਰਾਜ ਗੱਦੀ ਪ੍ਰਾਪਤ ਕਰਨ ਲਈ ਗੱਲਬਾਤ ਕਰਨ ਨੂੰ ਤਿਆਰ ਬੈਠੇ ਹਨ, ਪਰ ਕਾਂਗਰਸ ਉਨ੍ਹਾਂ ਦੀ ਸਹਾਇਤਾ ਨਾਲ ਆਪ ਗੱਦੀ ਮੱਲਣਾ ਚਾਹੁੰਦੀ ਹੈ — ਇੰਨਾ ਕੁ ਹੀ ਅੜਿਕਾ ਹੈ।

ਸੋ ਕਾਂਗਰਸ ਅਤੇ ਸਾਰੇ ਫਿਰਕੂ ਟੋਲੇ ਅਤੇ ਫਿਰਕੂ ਪਾਰਟੀਆਂ ਇਕੋ ਹੀ ਖੇਡ ਖੇਡ ਰਹੀਆਂ ਹਨ। ਇਸ ਲਈ ਇਹ ਸਾਰੇ ਲੋਕ ਵਿਰੋਧੀ ਹਨ। ਕਿਉਂਕਿ ਕਾਂਗਰਸ ਭਾਰਤੀ ਜਨਤਾ ਪਾਰਟੀ, ਮੁਸਲਮ ਲੀਗ, ਅਕਾਲੀ ਅਤੇ ਸੰਯੁਕਤ ਅਕਾਲੀ ਪਾਰਟੀਆਂ ਆਦਿ ਮੁਖ ਤੌਰ ਉਪਰ ਆਮ ਲੋਕਾਂ ਨੂੰ ਗੁੰਮਰਾਹ ਕਰਕੇ ਸਰਮਾਏਦਾਰਾਂ ਅਤੇ ਜਾਗੀਰਦਾਰਾਂ ਦੇ ਜਮਾਤੀ ਹਿੱਤਾਂ ਲਈ ਕੰਮ ਕਰ ਰਹੀਆਂ ਹਨ।

ਉਪਰੋਕਤ ਦਰਜ ਸੰਖੇਪ ਵਿਆਖਿਆ ਦੇ ਕਾਰਨ ਅੱਜ ਭਾਰਤ ਵਿਚ ਜੋ ਰਾਜਨੀਤਕ ਸਥਿਤੀ ਵਿਕਸਤ ਹੋ ਰਹੀ ਹੈ ਉਹ ਇਹ ਹੈ ਕਿ ਰਾਜੀਵ ਦੀ ਅਗਵਾਈ ਵਿਚ ਕਾਂਗਰਸ ਵਿਖਰਨ ਲੱਗੀ ਹੈ। ਇਸ ਦੇ ਕਈ ਮੰਤਰੀ ਅਸਤੀਫੇ ਦੇ ਗਏ ਹਨ ਅਤੇ ਕਈਆਂ ਨੂੰ ਕਾਂਗਰਸ ਵਿਚੋਂ ਕੱਢਿਆ ਜਾ ਚੁੱਕਾ ਹੈ। ਇਨ੍ਹਾਂ ਵਿਚ ਵੀ. ਪੀ. ਸਿੰਘ, ਅਰੁਣ ਸਿੰਘ, ਆਰਫ ਮੁਹੰਮਦ ਖਾਂ ਆਦਿ ਪ੍ਰਸਿੱਧ ਨਾਂ ਹਨ

ਭਾਰਤ ਦੀਆਂ ਮੁਖੀ ਰਾਜਨੀਤਕ ਪਾਰਟੀਆਂ ਲੋਕਾਂ ਦੀਆਂ ਭਾਵਨਾਵਾਂ ਦੀ ਪ੍ਰਤੀਨਿਧਤਾ ਕਰਦੀਆਂ ਅੱਜ ਇਸ ਸਿੱਟੇ ਉਪਰ ਪੁਜੀਆਂ ਹਨ ਕਿ ਰਾਜੀਵ-ਸਰਕਾਰ, ਲੋਕ ਸਭਾ ਵਿਚ ਬਹੁ ਸੰਮਤੀ ਵਿਚ ਹੋਣ ਦੇ ਬਾਵਜੂਦ, ਭਾਰਤੀ ਲੋਕਾਂ ਦਾ ਵਿਸ਼ਵਾਸ ਗੁਆ ਬੈਠੀ ਹੈ। ਇਨ੍ਹਾਂ ਲਈ ਕੋਈ ਸਦਾਚਾਰਕ ਕਾਰਨ ਨਹੀਂ ਰਹਿ ਗਿਆ ਕਿ ਇਹ ਅੱਜ ਭਾਰਤ ਦੇ ਲੋਕਾਂ ਉਪਰ ਹਾਕਮ ਬਣੀ ਰਹੇ।

ਇਸ ਸੰਬੰਧ ਵਿਚ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ, ਸੀ. ਪੀ. ਆਈ, ਫਾਰਵਰਡ ਬਲਾਕ, ਰੈਵੂਲੇਸ਼ਨਰੀ ਸੋਸ਼ਲਿਸਟ ਪਾਰਟੀ, ਜਨਤਾ ਪਾਰਟੀ, ਲੋਕ ਦਲ ਆਦਿ ਸਾਰੀਆਂ ਪਾਰਟੀਆਂ ਰਾਜੀਵ-ਸਰਕਾਰ ਦੇ ਅਸਤੀਫੇ ਦੀ ਮੰਗ ਕਰ ਰਹੀਆਂ ਹਨ ਕਿ ਰਾਜੀਵ ਸਰਕਾਰ ਲੋਕਾਂ ਤੋਂ ਨਵੇਂ ਸਿਰੇ ਤੋਂ ਫਤਵਾ ਲਵੇ। ਇਹ ਲੋਕਾਂ ਦਾ ਵਿਸ਼ਵਾਸ ਗੁਆ ਬੈਠੀ ਹੈ ਅਤੇ ਇਸ ਸਰਕਾਰ ਦੀ ਲੋਕਾਂ ਵਿਚੋਂ ਸਾਖ ਖਤਮ ਹੋ ਚੁੱਕੀ ਹੈ।

(ਰਾਜੀਵ-ਸਰਕਾਰ ਦੇ ਅਸਤੀਫੇ ਦੀ ਮੁਹਿਮ ਵਿਚ ਭਾਰਤੀ ਜਨਤਾ ਪਾਰਟੀ ਨੂੰ ਨੂੰ ਇਸ ਲਈ ਨਾਲ ਨਹੀਂ ਲਿਆ ਜਾ ਰਿਹਾ ਕਿ ਇਹ ਇਕ ਹਿੰਦੂ ਫਿਰਕਾਪ੍ਰਸਤ ਪਾਰਟੀ ਹੈ। ਕੁਝ ਵਿਰੋਧੀ ਪਾਰਟੀ ਦੇ ਲੀਡਰ ਖੱਬੀਆਂ ਪਾਰਟੀਆਂ ਉਪਰ ਜ਼ੋਰ ਪਾ ਰਹੇ ਹਨ ਕਿ ਭਾਰਤੀ ਜਨਤਾ ਪਾਰਟੀ ਨੂੰ ਨਾਲ ਲਿਆ ਜਾਵੇ। ਭਾਰਤ ਦੇ ਸਾਰੇ ਵੱਡੇ ਅਖਬਾਰ ਜੋ ਕਿ ਬਿਰਲੇ-ਡਾਲਮੀਏ-ਟਾਟਿਆਂ ਦੀ ਮਾਲਕੀ ਵਿਚ ਹਨ ਵੀ ਇਹੋ ਜ਼ੋਰ ਪਾ ਰਹੇ ਹਨ ਕਿ ਭਾਰਤੀ ਜਨਤਾ ਪਾਰਟੀ ਨੂੰ ਨਾਲ ਲਿਆ ਜਾਵੇ ਪਰ ਮਾਰਕਸੀ ਪਾਰਟੀ ਅਤੇ ਖੱਬੀਆਂ ਪਾਰਟੀਆਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਜਨਤਾ ਰਾਜ ਵੇਲੇ ਇਹ ਭਾਰਤੀ ਜਨਤਾ ਪਾਰਟੀ ਹੀ ਸੀ ਜਿਸ ਦੀ ਫਿਰਕਾਪ੍ਰਸਤ ਅਤੇ ਸਰਮਾਏਦਾਰ ਪੱਖੀ ਨੀਤੀਆਂ ਕਾਰਨ ਜਨਤਾ ਸਰਕਾਰ ਟੁੱਟੀ ਸੀ, ਇਸ ਲਈ ਰਾਜਨੀਤਕ ਤੌਰ ਉਪਰ ਇਹ ਉਚਿਤ ਨਹੀਂ ਕਿ ਉਸ ਨੂੰ ਨਾਲ ਲਿਆ ਜਾਵੇ। ਇਸ ਵਿਸ਼ੇ ਉਪਰ ਵਿਰੋਧੀ ਪਾਰਟੀਆਂ ਵਿਚ ਵਿਚਾਰ ਵਟਾਂਦਰਿਆਂ ਦਾ ਅਮਲ ਇਨ੍ਹਾਂ ਦਿਨ੍ਹਾਂ ਵਿਚ ਬੜਾ ਤੇਜ਼ ਹੈ)।

ਅਸੀਂ ਭਾਰਤ ਦੇ ਲੋਕਾਂ ਦੀਆਂ ਭਾਵਨਾਵਾਂ ਦੇ ਅਨੁਸਾਰ ਲੋਕਤਾ ਵਲੋਂ ਅਤੇ ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਵੈਨਕੂਵਰ ਆਏ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਤੋਂ ਮੰਗ ਕਰਦੇ ਹਾਂ ਕਿ ਉਹਨਾਂ ਦੀ ਸਰਕਾਰ ਹਰ ਪੱਖੋਂ ਅਸਫਲ ਰਹੀ ਹੈ। ਉਹ ਪੰਜਾਬ ਮਸਲੇ ਦਾ ਹੱਲ ਨਹੀਂ ਕਰ ਸਕੀ। ਇਹ ਘੱਟ ਗਿਣਤੀਆਂ ਦੀ ਫਿਰਕੂ ਕਾਤਲਾਂ ਤੋਂ ਰਾਖੀ ਨਹੀਂ ਕਰ ਸਕੀ ਉਹ ਚਾਹੇ ਭਾਰਤ →


**ਜਗਦੀਸ਼ ਸਿੰਘ** ਬੀ. ਏ. ਐਲ. ਐਲ. ਬੀ. (ਪੰ: ਯੂ:)

**ਨੋਟਰੀ ਪਬਲਿਕ**

* ਘਰ ਜਾਂ ਜ਼ਮੀਨ ਖਰੀਦਣ, ਵੇਚਣ ਲਈ ਜਾਂ ਮੋਰਗੇਜ਼ ਲੈਣ ਲਈ ਜਾਂ ਕੈਂਸਲ ਕਰਨਾ ਆਦਿ ਦੇ ਕਾਗਜ਼ਾਤ ਤਿਆਰ ਕਰਨਾ ਤੇ ਰਜਿਸਟਰੀ ਕਰਵਾਉਣ
* ਡੇਕਲਾਰੇਸ਼ਨ, ਰਾਹਦਾਰੀ, ਐਗਰੀਮੈਂਟਸ, ਨਾਂ ਦੀ ਤਬਦੀਲੀ ਟਰਾਂਸਲੇਸ਼ਨ ਆਦਿ।

**Ph.& 324-6727 Office**
**324-4160 (Res.)**

(ਦਫਤਰ ਸ਼ਨਿਚਰਵਾਰ ਵੀ ਖੁੱਲ੍ਹਦਾ ਹੈ



ਜਗਦੀਸ਼ ਸਿੰਘ [ B.A., L.L.B (Pb. Uni.)]
(ਸਾਬਕਾ ਐਡਵੋਕੇਟ ਪੰਜਾਬ. ਹਾਈ ਕੋਰਟ)

**ਇਮੀਗਰੇਸ਼ਨ ਸਲਾਹਕਾਰ**

* ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ
* Adoption - ਭਾਰਤ ਤੋਂ ਬੱਚੇ ਗੋਦ ਲੈਣਾ ਤੇ ਉਹਨਾਂ ਦੀ ਇਮੀਗਰੇਸ਼ਨ
* ਇਮੀਗਰੇਸ਼ਨ ਦੇ ਆਮ ਮਸਲੇ
* ਭਾਰਤੀ ਕਾਨੂੰਨਾਂ ਬਾਰੇ ਸਲਾਹ

*ਵਰਕਜ਼ ਕੰਪਨਸੇਸ਼ਨ ਕੇਸਾਂ ਬਾਰੇ

ਦਫਤਰ ਦਾ ਐਡਰੈਸ
Suite 201-2001 E. 36 Ave.)
(At Victoria De.)
Vancourer, B.C. V5P 1C9.
ਸਮਾਂ-9 a.m. -5 p.m.

# "ਕੈਨੇਡਾ ਨੂੰ ਚਿੱਟਾ ਰੱਖੋ" — ਭਾਵ ਰੰਗਦਾਰ ਲੋਕਾਂ ਤੋਂ ਬਚਾਉ ਐਕਸ ਜੱਜ ਕਲਾਈਨ

ਗੁਰਨਾਮ ਸਿੰਘ ਸੰਘੇੜਾ

ਵੈਸੇ ਤਾਂ ਕੈਨੇਡਾ ਦਾ ਇਮੀਗਰੇਸ਼ਨ ਦਾ ਇਤਿਹਾਸ ਅਤੇ ਸਿਆਸੀ ਨੀਤੀਆਂ ਨਸਲਵਾਦੀ ਰਿਹਾ ਹੈ। ਵੀਹਵੀਂ ਸਦੀ ਦੇ ਤੀਜੇ ਦਹਾਕੇ ਤੱਕ ਰੰਗਦਾਰ ਲੋਕਾਂ ਵਿਰੁੱਧ ਹਰ ਪੱਖ ਤੇ ਹਰ ਪੱਧਰ ਤੋਂ ਨਸਲਵਾਦੀ ਜ਼ਹਿਰ ਉਗਲੀ ਜਾਂਦੀ ਰਹੀ ਹੈ ਅਤੇ ਉਸ ਵਿਰੁੱਧ ਸੰਘਰਸ਼ ਭੀ ਚਲਦਾ ਰਿਹਾ। ਹੁਣ ਭੀ ਇਮੀਗਰੇਸ਼ਨ ਨਿਯਮ ਅਤੇ ਨੀਤੀਆਂ ਅਤੇ ਬਰਾਬਰੀ ਦੇ ਮੌਕਿਆਂ ਦੇ ਸਵਾਲਾਂ ਤੇ ਨਸਲਵਾਦ ਸਾਫ ਦਿਸਦਾ ਹੈ। ਦੁਨੀਆਂ ਭਰ ਵਿਚ ਮਨੁੱਖੀ ਹੱਕਾਂ ਦੇ ਹੱਕ ਵਿਚ ਅਤੇ ਨਸਲਵਾਦ ਵਿਰੁਧ ਨਾਹਰਾ ਉਚਾ ਹੋ ਰਿਹਾ ਹੈ। ਦੱਖਣੀ ਅਫਰੀਕਾ ਦੀਆਂ ਨਸਲਵਾਦੀ ਤੇ ਫਾਸ਼ੀ ਨੀਤੀਆਂ ਦਾ ਖੰਡਨ ਅਤੇ ਬਾਈਕਾਟ ਹੋ ਰਿਹਾ ਹੈ। ਨਸਲਵਾਦੀ ਸਿਧਾਂਤ ਬਦਨਾਮ ਹੋ ਚੁਕੇ ਹਨ ਅਤੇ ਉਘੇ ਕਾਨੂੰਨਦਾਨ ਨਸਲਵਾਦ ਤੇ ਨਸਲੀ ਵਿਤਕਰੇ ਵਿਰੁਧ ਫਤਵੇ ਦੇ ਚੁੱਕੇ ਹਨ। ਪਰ ਅਜ ਜਦੋਂ ਸੰਸਾਰ ਅਮਨ ਲਹਿਰ, ਮਨੁੱਖੀ ਜੀਵਨ, ਹੱਕਾਂ ਅਤੇ ਬਰਾਬਰੀ ਲਈ ਮੁਹਿਮ ਚਲ ਰਹੀ ਹੈ, ਉਸ ਸਮੇਂ ਬ੍ਰਿਟਿਸ਼ ਕੁਲੰਬੀਆ, ਕੈਨੇਡਾ ਦੀ ਸੁਪਰੀਮ ਕੋਰਟ ਦੇ ਰਹਿ ਚੁਕੇ ਜੱਜ ਜੇ. ਵੀ. ਕਲਾਈਨ ਵਲੋਂ (ਪਚਾਸੀ ਸਾਲ ਦੀ ਉਮਰ ਵਿਚ) ਇਕ ਇੰਨਾ ਘਟੀਆ, ਲੋਕਾਂ ਨੂੰ ਪਾੜਨ ਵਾਲਾ ਬਿਆਨ ਦੇਣਾ ਜ਼ਾਹਰ ਕਰਦਾ ਹੈ ਕਿ ਰੰਗਦਾਰ ਲੋਕਾਂ ਵਿਰੁੱਧ ਕਿਸ ਪੱਧਰ ਤੱਕ ਨਫਰਤ ਕਾਇਮ ਹੈ। ਮੇਰੇ ਖਿਆਲ ਵਿਚ ਇਹ ਬਿਆਨ ਨਸਲਵਾਦੀ ਹੈ ਅਤੇ ਇਸ ਦਾ ਹਰ ਪਾਸਿਉਂ ਸਿਰਫ ਖੰਡਨ ਹੀ ਨਹੀਂ ਬਲਕਿ ਇਸ ਤਰ੍ਹਾਂ ਦੇ ਖਿਆਲਾਂ ਨੂੰ ਭਾਂਜ ਦੇਣ ਲਈ ਲਾਮਬੰਦੀ ਚਾਹੀਦੀ ਹੈ।

ਰਹਿ ਚੁੱਕੇ ਜੱਜ ਕਲਾਈਨ ਨੇ ਵੈਨਕੂਵਰ ਸੱਨ ਵਿਚ ਕਿਹਾ ਕਿ ਉਹ ਦੇਸ਼ ਭਾਵ ਕੈਨੇਡਾ ਦੇ ਪਿਤਰੀ ਵਿਰਸੇ ਨੂੰ ਬਚਾਉਣਾ ਚਾਹੁੰਦਾ ਹੈ ਅਤੇ ਫੈਡਰਲ ਇਮੀਗਰੇਸ਼ਨ ਦੀਆਂ ਭੈੜੀਆਂ ਨੀਤੀਆਂ ਦੇ ਕਾਰਨ ਅੰਗਰੇਜ਼ ਤੇ ਫਰਾਂਸੀਸੀ ਘੱਟ ਗਿਣਤੀ ਵਿਚ ਰਹਿ ਜਾਣੇ ਹਨ। ਸੋ "ਮੈਂ ਖੁੱਲ੍ਹ ਕੇ ਆਖਦਾ ਹਾਂ ਕਿ ਮੈਂ ਇਸ ਤਰ੍ਹਾਂ ਨਹੀਂ ਚਾਹੁੰਦਾ — ਮੈਂ ਨਹੀਂ ਚਾਹੁੰਦਾ ਕਿ ਇਹ ਦੇਸ਼ ਚਿੱਟਾ ਨਾ ਰਹੇ।" ਉਸ ਨੇ ਫਿਰ ਗੈਰ ਕਾਨੂੰਨੀ ਇਮੀਗਰੇਂਟਾਂ ਆਦਿ ਉਪਰ ਭੀ ਹਮਲਾ ਕੀਤਾ। ਇਹ ਨਾਹਰੇ ਉਨੀਵੀਂ ਸਦੀ ਦੇ ਅਖੀਰ ਅਤੇ ਵੀਹਵੀਂ ਸਦੀ ਦੇ ਆਰੰਭ ਵਿਚ ਭੀ ਲਗਦੇ ਰਹੇ ਜਿਹਨਾਂ ਨੂੰ ਅੱਜ ਹਰ ਸੂਝਵਾਨ ਵਿਅਕਤੀ ਨਿੰਦਦਾ ਹੈ ਅਤੇ ਬਹੁਤ ਐਂਗਲੋ ਸੈਕਸਨ ਲੋਕ ਉਹਨਾਂ ਬਿਆਨਾਂ ਸੰਬੰਧੀ ਸ਼ਰਮਿੰਦਗੀ ਭੀ ਮਹਿਸੂਸ ਕਰਦੇ ਹਨ। ਵੈਸੇ ਇਹ ਕੋਈ ਅਲੋਕਾਰ ਨਹੀਂ। ਅੱਗੇ ਭੀ ਇਤਿਹਾਸ ਵਿਚ ਰੰਗਦਾਰ ਲੋਕਾਂ ਵਿਰੁੱਧ ਪ੍ਰਚਾਰ ਹੋਇਆ ਅਤੇ ਕਾਨੂੰਨੀ ਫੈਸਲੇ ਭੀ ਹੋਏ ਜਿਵੇਂ 1914 ਵਿਚ ਕਾਮਾਗਾਟਾ ਮਾਰੂ ਅਤੇ ਦੂਜੀ ਸੰਸਾਰ ਜੰਗ ਵਿਚ ਜਾਪਾਨੀਆਂ ਦੀਆਂ ਜਾਇਦਾਦਾਂ ਤਕ ਖੋਹ ਕੇ ਉਹਨਾਂ ਨੂੰ ਘਰਾਂ ਵਿਚੋਂ ਕੱਢ ਕੇ ਕੈਂਪਾਂ ਵਿਚ ਬੰਦ ਰੱਖਿਆ। 1928 ਵਿਚ ਸਸਕੈਚਵਿਨ ਦੇ ਐਂਗਲੀਕਨ ਬਿਸ਼ਪ ਜੌਰਜ ਐਕਸਟਨ ਲਾਇਡ ਨੇ ਭੀ " ਗਲੋਬ ਐਂਡ ਮੇਲ" ਵਿਚ ਲਿਖਿਆ ਸੀ ਕਿ ਅੰਗਰੇਜ਼ੀ ਨਸਲ ਵਧੀਆ ਹੈ ਅਤੇ ਜਿਸ ਢੰਗ ਨਾਲ ਹੋਰ ਯੂਰਪੀ ਲੋਕ ਆਉਂਦੇ ਹਨ ਉਸ ਨਾਲ ਕੈਨੇਡਾ "ਦੋਗਲਾ" ਹੋ ਜਾਏਗਾ। ਫਿਰ ਜੌਨ ਨੈਲਸਨ (ਜੋ ਮੈਕਲੀਨ ਰਸਾਲੇ ਵਿਚ ਲਿਖਦਾ ਹੁੰਦਾ ਸੀ) ਨੇ ਕਿਤਾਬ ਲਿਖੀ ("— ਕੈਨੇਡੀਅਨ ਸੂਬੇ ਅਤੇ ਉਹਨਾਂ ਦੇ ਮਸਲੇ ਤੇ ਨੀਤੀਆਂ") ਜਿਸ ਵਿਚ ਉਸਨੇ "ਪੀਲੇ ਭੂਸਲੇ ਰੰਗ ਤੋਂ ਚਿੱਟੇ ਕੈਨੇਡਾ ਨੂੰ ਬਚਾਉਣ ਦਾ ਨਾਹਰਾ ਦਿੱਤਾ। ਅਤੇ ਉਸ ਕਿਤਾਬ ਦੀ ਭੂਮਿਕਾ ਕੈਨੇਡਾ ਦੇ ਪ੍ਰਧਾਨ ਮੰਤਰੀ ਆਰਥਰ ਮੀਹਨ ਨੇ ਲਿਖਦੇ ਹੋਏ "ਕੈਨੇਡਾ ਦੀ — ਇਕ ਕੌਮੀ ਹੋਂਦ" ਦੀ ਪ੍ਰਸ਼ੰਸਾ ਕੀਤੀ।

ਰਹਿ ਚੁੱਕਾ ਜੱਜ ਕਲਾਈਨ ਵਲੋਂ ਦਿਤਾ ਬਿਆਨ ਅਤੇ ਉਸ ਪਿੱਛੇ ਸਾਰੇ ਭਾਵਾਂ ਨੂੰ ਲੋਕ ਸਮਝਦੇ ਹਨ ਜਿਸ ਦੀ ਬੀ. ਸੀ. ਦੀ ਹਰ ਉਘੀ ਜਥੇਬੰਦੀ ਅਤੇ ਵਿਅਕਤੀ ਨੇ ਖੰਡਨ ਕੀਤਾ। ਹੁਣ ਜੱਜ ਸਾਹਿਬ 22 ਸਤੰਬਰ 1987 ਦੇ ਸੱਨ ਵਿਚ ਆਖ ਰਹੇ ਹਨ ਕਿ ਉਸ ਦਾ ਚਿੱਟੇ ਤੋਂ ਭਾਵ ਰੰਗ ਨਹੀਂ, ਸਭਿਆਚਾਰ ਹੈ। ਫਿਰ ਉਹ ਆਖਦਾ ਹੈ ਕਿ ਉਹ ਕਿਸ ਦੇ ਵਿਰੁੱਧ ਨਹੀਂ ਸਿਰਫ ਉਸ ਦਾ ਚਿੱਟੇ ਤੋਂ ਭਾਵ ਯੂਰਪੀ ਸਭਿਆਚਾਰ ਹੈ। ਪਹਿਲੀ ਗੱਲ ਤਾਂ ਇਹ ਕਿ ਜੋ ਉਸ ਦੇ ਬਿਆਨ ਤੇ ਲੋਕਾਂ ਦਾ ਪ੍ਰਤੀਕਰਮ ਹੈ, ਉਸ ਤੋਂ ਜਾਪਦਾ ਹੈ ਕਿ ਲੋਕ ਉਸ ਦੇ ਮਤਲਬ ਅਤੇ ਸੋਚ ਨੂੰ ਸਮਝਦੇ ਹਨ। ਦੂਜੇ ਹੁਣ ਕਾਨੂੰਨਦਾਨਾਂ ਵਾਂਗ ਭਾਵ ਦੱਸਣ ਨਾਲ ਕੋਈ ਫਰਕ ਨਹੀਂ ਕਿਉਂਕਿ ਸਭਿਆਚਾਰ ਦਾ ਭਾਵ ਭੀ ਵਖਰੇਵੇਂ ਅਤੇ ਉਹ ਵੱਖਰਾ ਸਭਿਆਚਾਰ ਜੋ ਫਰਾਂਸੀਸੀ ਤੇ ਐਂਗਲੋ ਸੈਕਸਨ ਦੇ ਅਨੁਕੂਲ ਨਹੀਂ। ਸੋ ਗੱਲ ਫਿਰ ਮੁੜ ਰੰਗ, ਨਸਲ, ਦੇਸ਼ ਅਤੇ ਧਰਮ ਤੇ ਆ ਗਈ। ਇਹਨਾਂ ਹੀ ਵਿਤਕਰਿਆਂ ਵਿਰੁੱਧ ਲੜਨ ਲਈ ਯੂਨਾਈਟਿਡ ਨੇਸ਼ਨਜ ਨੇ "ਹਰ ਕਿਸਮ ਦੇ ਨਸਲੀ ਵਿਤਕਰੇ ਦੇ ਖਾਤਮੇ" ਧਾਰਾ 4, 8 ਤੇ 9 ਵਿਸਥਾਰ ਨਾਲ ਲਿਖਿਆ ਅਤੇ ਕੈਨੇਡਾ ਵਿਚ ਹਿਊਮਨ ਰਾਈਟਸ ਐਕਟ ਬਣਾਏ (ਭਾਵੇਂ ਬਹੁਤ ਕਮਜ਼ੋਰ ਹਨ)। ਇਸ ਕਰਕੇ ਆਖਦੇ ਹਾਂ ਕਿ ਨਸਲਵਾਦ ਅਤੇ ਨਸਲੀ ਵਿਤਕਰੇ ਨੂੰ ਜੁਰਮ ਬਣਾਇਆ ਜਾਵੇ (ਕਰਿਮੀਨਲਲ)।

ਕਾਨੂੰਨ ਦਾ ਕੀ ਮੰਤਵ ਹੈ? ਸਰਮਾਏਦਾਰੀ ਸਮਾਜ ਵਿਚ ਅੰਤਮ ਤੌਰ ਤੇ ਸੱਤਾਧਾਰੀ ਹਾਕਮ ਜਮਾਤ ਦੇ ਹਿਤਾਂ ਦੀ ਰਾਖੀ ਕਰਨਾ। ਜੇ ਉਸ ਦੀ ਸੱਤਾ ਨੂੰ ਖਤਰਾ ਨਹੀਂ ਤਾਂ ਜਮਹੂਰੀ ਲਿਬਰਲ ਢੰਗ ਚੱਲੇ। ਕਾਨੂੰਨ ਸਰਕਾਰ ਦੀ ਪਬਲਿਕ ਨੀਤੀ ਦਾ ਪ੍ਰਗਟਾਵਾ ਕਰਦਾ ਹੈ। ਇਹ ਉਸ ਮੰਤਵ ਨੂੰ ਪੂਰਾ ਕਰਨ ਲਈ ਹੈ ਜਿਸ ਲਈ ਬਣਾਇਆ। ਕਾਨੂੰਨ ਤਦ ਹੀ ਕੁਝ ਕਰੇਗਾ ਜੇ ਉਸ ਨੂੰ ਲਾਗੂ ਕਰਨ ਲਈ ਦਰਿੜਤਾ ਹੋਵੇ। ਨਸਲਵਾਦ ਵਿਰੁਧ ਅਤੇ ਮਨੁੱਖੀ ਹੱਕਾਂ ਲਈ ਅਜੇ ਕੋਈ ਠੋਸ ਕਾਨੂੰਨ ਨਹੀਂ। ਜੋ ਹੈ, ਉਸ ਨੂੰ ਭੀ ਲਾਗੂ ਕਰਨ ਲਈ ਦਰਿੜਤਾ ਨਹੀਂ ਅਤੇ ਉਸ ਵਿਚ ਚੋਰ ਮੋਰੀਆਂ ਹਨ। ਇਨਸਾਫ ਭੀ ਪੈਸੇ ਨਾਲ ਖਰੀਦਿਆ ਜਾਂਦਾ ਹੈ। ਜਿਥੇ ਜਮਾਤੀ ਟੱਕਰ ਦੇ ਇਨਸਾਫ ਦੀ ਗੱਲ ਹੈ, ਉਹ ਜਮਾਤੀ ਜਿੱਤ ਰਾਹੀਂ ਹੋਵੇਗਾ।

---

ਵਿਚ ਸਿਖ ਤੇ ਮੁਸਲਮਾਨ ਹੋਣ ਜਾਂ ਪੰਜਾਬ ਵਿਚ ਹਿੰਦੂ ਹੋਣ। ਉਸ ਨੇ ਫਿਰਕੂ ਪਾਰਟੀਆਂ ਨਾਲ ਸਾਂਝਾਂ ਪਾਈਆਂ ਹੋਈਆਂ ਹਨ, ਇਸ ਦੇ ਨਾਲ ਹੀ ਸਰਕਾਰ ਰੱਖਿਆ ਸੌਦਿਆਂ ਵਿਚ ਅਤੇ ਹੋਰ ਭ੍ਰਿਸ਼ਟਾਚਾਰੀ ਦੋਸ਼ਾਂ ਵਿਚ ਲਿਬੜੀ ਹੋਈ ਦੇਖੀ ਜਾ ਰਹੀ ਹੈ, ਇਸ ਲਈ ਉਹ ਤੁਰਤ ਅਸਤੀਫਾ ਦੇਣ ਅਤੇ ਮੁੜ ਤੋਂ ਨਵੀਆਂ ਚੋਣਾਂ ਕਰਵਾ ਕੇ ਲੋਕਾਂ ਤੋਂ ਨਵੇਂ ਸਿਰੇ ਤੋਂ ਫਤਵਾ ਲੈਣ।

ਇਸ ਲਈ ਅਸੀਂ ਭਾਰਤੀ ਲੋਕਾਂ ਦੇ ਜਜ਼ਬਾਤਾਂ ਦੀ ਤਰਜਮਾਨੀ ਕਰਦੇ ਹੋਏ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦਾ ਸੁਆਗਤ ਕਰਨ ਤੋਂ ਅਸਮਰਥ ਹਾਂ ਅਤੇ ਭਾਰਤ ਵਿਚ ਰਾਜੀਵ-ਸਰਕਾਰ ਦੇ ਅਸਤੀਫੇ ਲਈ ਚਲਾਈ ਜਾ ਰਹੀ ਮੁਹਿਮ ਨਾਲ ਇਕਮੁੱਠਤਾ ਪ੍ਰਗਟ ਕਰਦੇ ਹੋਏ, ਉਨ੍ਹਾਂ ਦੇ ਅਸਤੀਫੇ ਦੀ ਮੰਗ ਕਰਦੇ ਹਾਂ।

●


## ਭਾਰਤੀ ਆਰਟ ਜਿਊਲਰ

**ਸੋਹਣੇ ਗਹਿਣੇ ਭਾਰਤੀ ਡਿਜ਼ਾਇਨਾਂ ਵਿੱਚ ਬਣਾਉਣ ਲਈ ਸਾਡੀ ਦੁਕਾਨ ਤੇ ਆਕੇ ਦਰਸ਼ਨ ਦਿਓ।**

ਅਸੀਂ ਈਸਟ ਇੰਡੀਅਨ ਗਹਿਣੇ ਬਣਾਉਣ 'ਚ ਮਾਹਰ ਅਤੇ ਕਰਾਫਟਵੇਅਰ, ਓਰੀਐਂਟਲ, ਚਾਂਦੀ ਸੋਨੇ ਦੇ ਗਹਿਣਿਆਂ ਦੀ ਮੁਰੰਮਤ ਵੀ ਕਰਦੇ ਹਾਂ। ਅਸੀਂ ਕੰਨਾਂ ਤੇ ਨੱਕ ਲਈ ਪਿੰਜਜ ਵੀ ਬਣਾਉਂਦੇ ਹਾਂ।

**BHARTI ART JEWELLERS**

**6524 MAIN STREET, VANCOUVER B.C.**

**Bus. 327-8711 Res. 879-5610**

ਹੁਣ ਸ਼ਬਦਾਂ ਤੇ ਭਾਸ਼ਾ ਦੀ ਭੀ ਟਿੱਪਣੀ ਕਰੀਏ। ਭਾਸ਼ਾ ਸਿਰਫ ਗਲਬਾਤ ਲਈ ਸ਼ਬਦ ਹੀ ਨਹੀਂ ਸਮਝਣੇ ਚਾਹੀਦੇ। ਇਹ ਸਥਿਤੀ ਅਤੇ ਧਾਰਨਾਵਾਂ ਦਾ ਪ੍ਰਗਟਾਵਾ ਕਰਦੀ ਹੈ। ਸ਼ਬਦ ਹਥਿਆਰ ਹਨ। ਸ਼ਬਦਾਂ ਦੀ ਦੁਰਵਰਤੋਂ ਇਕ ਕਿਸਮ ਦਾ ਹਮਲਾ ਹੈ। ਸ਼ਬਦ ਸਿਰਫ ਇਨਸਾਨਾਂ ਨੂੰ ਲੇਬਲ ਹੀ ਨਹੀਂ ਕਰਦੇ ਜਾਂ ਆਖੋ ਕਿ ਠੱਪਾ ਹੀ ਨਹੀਂ ਲਾਉਂਦੇ ਬਲਕਿ ਉਹਨਾਂ ਦਾ ਵਰਗੀਕਰਣ ਭੀ ਕਰਦੇ ਹਨ। ਉਸ ਵਰਗੀਕਰਣ ਜਾਂ ਕਿਸਮ ਤੋਂ ਜ਼ਾਹਰ ਕੀਤਾ ਜਾਂਦਾ ਹੈ ਕਿ ਇਸ ਦੀ ਕੀ ਥਾਂ ਤੇ ਕਿੰਨੀ ਕੁ ਕਦਰ ਹੈ। ਸੋ ਸ਼ਬਦ ਤੇ ਭਾਸ਼ਾ ਹਮਲਾ ਆਵਰ ਹੋ ਕੇ ਸੱਤਾ ਅਤੇ ਦਬਾਅ ਜਾਂ ਡਰਾਅ ਦਾ ਪ੍ਰਗਟਾਵਾ ਭੀ ਕਰਦੀ ਹੈ।

ਸਭਿਆਚਾਰ ਦੇ ਨਾਮ ਤੇ ਭੀ ਪਰਦਾ ਪੋਸ਼ੀ ਨਹੀਂ ਹੋ ਸਕਦੀ। ਸਭਿਆਚਾਰ ਭੀ ਭੂਗੋਲਿਕ ਹੱਦਾਂ ਬੰਨਿਆਂ, ਆਰਥਕਤਾ ਤੇ ਸਮਾਜੀ ਤੇ ਪੈਦਾਵਾਰੀ ਰਿਸ਼ਤਿਆਂ ਨਾਲ ਜੁੜਿਆ ਹੋਇਆ ਹੈ। ਇਕ ਰੰਗ ਦੇ ਲੋਕਾਂ ਵਿਚ ਭੀ ਛੋਟੇ ਤੇ ਵੱਖਰੇ ਸਭਿਆਚਾਰ ਹਨ। ਇਸ ਤੋਂ ਭੀ ਪ੍ਰਗਟ ਹੈ ਕਿ ਉਹ ਸਭਿਆਚਾਰ ਆਖੇ ਜਾਂ ਰੰਗ, ਅੰਤਮ ਤੌਰ ਤੇ ਗੱਲ ਇਥੇ ਆਉਂਦੀ ਹੈ ਕਿ ਕੈਨੇਡਾ ਨੂੰ "ਚਿੱਟਾ" ਰਹਿਣ ਦੇਣਾ/ਜਾਂ ਰਖਣਾ ਹੈ। ਇਹ ਜੱਜ ਸਾਹਿਬ ਇਕ ਪਾਸੇ ਅੰਗਰੇਜ਼ ਤੇ ਫਰਾਂਸੀਸੀਆਂ ਦੀ ਗੱਲ ਕਰਦੇ ਹਨ ਤੇ ਦੂਜੀ ਥਾਂ ਯੂਰਪੀ ਸਭਿਆਚਾਰ ਦੀ। ਉਸ ਨੂੰ ਪਤਾ ਚਾਹੀਦਾ ਹੈ ਕਿ ਯੂਰਪੀ ਸਭਿਆਚਾਰ ਨਾਮ ਦੀ ਕੋਈ ਸ਼ੈਅ ਨਹੀਂ। ਹਰ ਕੌਮ, ਦੇਸ਼ ਦਾ ਆਪਣਾ ਸਭਿਆਚਾਰ ਤੇ ਫਿਰ ਉਸ ਅੰਦਰ ਛੋਟੇ (ਸਬ) ਸਭਿਆਚਾਰ ਹਨ। ਇਸ ਦੀ ਇਹ ਪਹੁੰਚ ਬੜੀ ਪਿੱਛੇ ਖਿਚੂ ਹੈ। ਇਕ ਪਾਸੇ ਬਹੁ-ਸਭਿਆਚਾਰ ਤੇ ਬਹੁ-ਨਸਲੀ ਕੈਨੇਡਾ ਦੇ ਗੀਤ ਗਾਏ ਜਾਂਦੇ ਹਨ ਪਰ ਦੂਜੇ ਪਾਸੇ ਉਸ ਦੇ ਜੜੀਂ ਤੇਲ ਦਿਤਾ ਜਾ ਰਿਹਾ ਹੈ। ਇਕ ਪਾਸੇ ਬਹੁ-ਸਭਿਆਚਾਰਕ ਪਰ ਦੂਜੇ ਪਾਸੇ ਨਸਲਵਾਦੀ ਇਮੀਗਰੇਸ਼ਨ ਨੀਤੀਆਂ — ਜਿਹਨਾਂ ਤੋਂ ਜ਼ਾਹਰ ਹੈ ਕਿ ਬਹੁ-ਸਭਿਆਚਾਰਕ ਗਲਤ ਹੈ ਨਹੀਂ ਤਾਂ ਰੰਗਦਾਰ ਲੋਕਾਂ ਤੇ ਰੋਕਾਂ ਕਿਉਂ? ਤਾਮਿਲ ਜਾਂ ਪੰਜਾਬੀ ਰਿਫੀਊਜੀ ਕਲੇਮ ਵਾਲੇ ਆ ਜਾਣ ਤਾਂ ਹਾਕਮਾਂ ਦੇ ਸੱਤੀਂ ਕੱਪੜੀਂ ਅੱਗ ਲੱਗ ਜਾਂਦੀ ਹੈ ਪਰ ਜਦੋਂ ਗੋਰੇ, ਰੋਡੇਸ਼ੀਆ, ਦੱਖਣੀ ਅਫਰੀਕਾ ਆਦਿ ਤੋਂ ਆਉਂਦੇ ਹਨ ਜਾਂ ਸਮਾਜਵਾਦੀ ਦੇਸ਼ਾਂ ਤੋਂ ਲਿਆਂਦੇ ਜਾਂਦੇ ਹਨ ਤਾਂ ਖੁਸ਼ੀ। ਬਹੁ-ਸਭਿਆਚਾਰਕ ਸੰਕਲਪ ਭੀ ਇਹ ਜ਼ਾਹਰ ਕਰਦਾ ਹੈ ਕਿ ਵੱਖੋ ਵੱਖਰੀਆਂ ਨਸਲਾਂ ਤੇ ਸਭਿਆਚਾਰ ਹਨ ਜਿਹਨਾਂ ਦਾ ਆਪਸੀ ਮੇਲ ਨਹੀਂ — ਤੇ ਇਸ ਵਿਚੋਂ ਭੀ ਨਸਲਵਾਦ ਨਿਕਲਦਾ ਹੈ। ਬ੍ਰਿਟਿਸ਼ ਕੁਲੰਬੀਆ ਦਾ ਪ੍ਰੀਮੀਅਰ ਬਿਲ ਵੈਂਡਰ ਜ਼ਾਮ ਆਪਣੇ ਢੰਗ ਨਾਲ ਲੋਕ ਵਿਰੋਧੀ ਟੂਲ ਲਾਉਂਦਾ ਹੈ ਕਿ ਅਮੀਰਾਂ ਦੀ ਇਮੀਗਰੇਸ਼ਨ ਹੋਣੀ ਚਾਹੀਦੀ ਹੈ ਭਾਵ ਜਿਹੜੇ ਰੰਗਦਾਰ ਲੋਕ ਆਏ ਹਨ, ਉਹਨਾਂ ਦੇ ਪਰਿਵਾਰਾਂ ਤੇ ਬੱਚਿਆਂ ਨੂੰ ਨਾ ਆਉਣਾ ਦਿੱਤਾ ਜਾਵੇ?

ਸੋ ਇਹ ਦੋਵੇਂ ਵਿਅਕਤੀ ਲੋਕਾਂ ਨੂੰ ਰੰਗ ਦੇ ਨਾਮ ਤੇ ਪਾੜ ਕੇ ਸੱਜ ਪਿਛਾਖੜ (ਧਨੀਆਂ) ਦੀ ਸੇਵਾ ਤੇ ਵਕਾਲਤ ਕਰਦੇ ਹਨ ਕਿਉਂਕਿ ਇਸ ਨਾਲ ਲੋਕਾਂ ਵਿਚ ਫੁਟ ਅਤੇ ਲੋਕ ਲਹਿਰ ਕਮਜ਼ੋਰ ਹੁੰਦੀ ਹੈ।

ਆਉ, ਹੁਣ ਜੱਜ ਸਾਹਿਬ ਵਲੋਂ ਪਿਤਰੀ ਵਿਰਸਾ (ਹੈਰੀਟੇਜ) ਦੀ ਭੀ ਚੀਰ ਫਾੜ ਕਰੀਏ। ਉਸ ਨੇ ਅੰਗਰੇਜ਼ੀ ਤੇ ਫਰਾਂਸੀਸੀ ਵਿਰਸੇ ਨੂੰ ਰੱਖਣ ਅਤੇ ਚਿੱਟੇ ਰੱਖਣ ਦੀ ਗਲ ਆਖੀ। ਅਜ ਦੇ ਕੈਨੇਡਾ ਅਤੇ ਰਾਜ ਕਰਦੀ ਐਂਗਲੋ ਸੈਕਸਨ ਜਮਾਤ ਦਾ ਵਿਰਸਾ ਨਸਲਵਾਦੀ, ਲੋਕ ਵਿਰੋਧੀ, ਆਦੀਵਾਸੀਆਂ ਨੂੰ ਅਤਿ ਕਮਜ਼ੋਰ ਕਰਨਾ ਤੇ ਉਹਨਾਂ ਤੋਂ ਉਹਨਾਂ ਦਾ ਜ਼ਬਰਦਸਤੀ ਦੇਸ਼ ਖੋਹਣਾ ਹੈ। ਕਿਉਂਕਿ ਜੱਜ ਸਾਹਿਬ ਸਭਿਆਚਾਰ ਤੇ ਰੰਗ ਦੀ ਗੱਲ ਕਰਦੇ ਹਨ ਸੋ ਮੈਂ ਭੀ ਨਸਲੀ ਰਿਸ਼ਤਿਆਂ ਸੰਬੰਧੀ ਵਿਰਸੇ ਦਾ ਹੀ ਚੇਤਾ ਕਰਾਉਂਦਾ ਹਾਂ। ਵੀਹਵੀਂ ਸਦੀ ਦੇ ਨੌਂਵੇਂ ਦਹਾਕੇ ਵਿਚ ਚੀਨਿਆਂ ਉਪਰ ਟੈਕਸ ਲਾਉਣਾ, ਹਰ ਪੂਰਬੀ ਨੂੰ ਹਰ ਚੰਗੀ ਨੌਕਰੀ ਤੋਂ ਕਾਨੂੰਨੀ ਮਨਾਹੀ ਅਤੇ ਚੀਨਾ ਮਜ਼ਦੂਰਾਂ ਦੀਆਂ ਲਾਸ਼ਾਂ ਉਪਰ ਰੇਲਵੇ ਬਣਾ ਕੇ ਜਬਰਦਸਤੀ ਵਾਪਸ ਭੇਜਣ ਦੀਆਂ ਚਾਲਾਂ ਅੰਗਰੇਜ਼ੀ ਹਾਕਮ ਦਾ ਵਿਰਸਾ ਹੈ।

ਵੀਹਵੀਂ ਸਦੀ ਦੇ ਆਰੰਭ ਵਿਚ ਸਭ ਪੂਰਬੀਆਂ ਦੇ ਦਾਖਲੇ ਉਪਰ ਪੰਜ ਸੋ ਡਾਲਰ ਟੈਕਸ, ਵੋਟ ਦਾ ਹੱਕ ਖੋਹ ਲੈਣਾ, ਪਤਨੀਆਂ ਮੰਗਵਾਉਣ ਉਪਰ ਪਾਬੰਦੀ ਅਤੇ ਵੈਨਕੂਵਰ ਵਿਚ (1907 ਵਿਚ) ਪੂਰਬੀ ਲੋਕਾਂ ਵਿਰੁਧ ਖੁੱਲੇ ਆਮ ਨਸਲੀ ਫਸਾਦ। ਸਥਾਨਕ ਸਰਕਾਰ ਤੋਂ ਲੈ ਕੇ ਫੈਡਰਲ ਸਰਕਾਰ ਤਕ ਖੁੱਲੇ ਆਮ ਨਸਲਵਾਦ ਹੈ ਨਸਲੀ ਵਿਤਕਰਾ ਅਤੇ ਕਾਮਾਗਾਟਾ ਮਾਰੂ ਆਦਿ ਸੰਬੰਧੀ ਨੀਚ ਨਸਲਵਾਦੀ ਚਾਲਾਂ ਵਿਰਸਾ ਹੀ ਹੈ। ਟਰੇਡ ਯੂਨੀਅਨਾਂ ਵਿਰੁੱਧ ਫੌਜੀ ਦੁਰਵਰਤੋਂ ਅਤੇ ਆਦੀ ਵਾਸੀਆਂ ਦੇ ਪ੍ਰਸਿਧ ਨੇਤਾ ਰੀਅਲ ਵਰਗਿਆਂ ਨੂੰ ਮਾਰਨਾ ਅਤੇ ਆਦੀ ਵਾਸੀਆਂ ਤੋਂ ਉਹਨਾਂ ਦੀ ਹੋਂਦ ਭੀ ਖੋਹਣਾ ਵਿਰਸੇ ਦਾ ਹਿੱਸਾ ਹੈ।

ਦੂਜੀ ਸੰਸਾਰ ਜੰਗ ਦੇ ਦੌਰਾਨ ਕੈਨੇਡਾ ਦੇ ਸ਼ਹਿਰੀ ਜਾਪਾਨੀਆਂ ਨੂੰ ਘਰਾਂ ਤੋਂ ਜਬਰਦਸਤੀ ਫੜ ਕੇ ਬੀ.ਸੀ.ਧੁਰ ਅੰਦਰ ਲਿਜਾ ਕੇ ਫੌਜੀ ਪਹਿਰੇ ਥੱਲੇ ਕੈਂਪਾਂ ਵਿਚ ਰਖਿਆ। ਉਹਨਾਂ ਦੀਆਂ ਸਾਰੀਆਂ ਜਾਇਦਾਦਾਂ, ਕਾਰੋਬਾਰ ਤੇ ਸਾਜ਼ੋ ਸਮਾਨ ਬਿਨਾਂ ਮੁਆਵਾਜ਼ਾ ਜ਼ਬਤ ਕਰ ਲਿਆ। ਕਸੂਰ ਕਿ ਉਹਨਾਂ ਦਾ ਪਿਛੋਕੜ ਜਾਪਾਨੀ ਹੈ ਅਤੇ ਜੰਗ ਸਮੇਂ ਜਾਪਾਨ, ਅੰਗਰੇਜ਼ਾਂ ਦੇ ਵਿਰੁਧ ਸੀ। ਪਰ ਜਰਮਨ ਤੇ ਇਟਾਲੀਅਨ ਨਾ ਫੜੇ ਭਾਵੇਂ ਉਹ ਦੇਸ਼ ਭੀ ਜਾਪਾਨ ਨਾਲ ਸਨ। ਉਹਨਾਂ ਜਾਪਾਨੀਆਂ ਨੂੰ ਅਜੇ ਤਕ ਭੀ ਕੋਈ ਮੁਆਵਜ਼ਾ ਨਹੀਂ ਦਿਤਾ ਭਾਵੇਂ ਕਿ ਅਮਰੀਕਾ ਨੇ ਪਿਛਲੇ ਹਫਤੇ ਉਥੇ ਦੇ ਦੂਜੇ ਸੰਸਾਰ ਜੰਗ ਵਿਚ ਨਜ਼ਰਬੰਦ ਕੀਤੇ ਜਾਪਾਨੀ ਨੂੰ ਵੀਹ ਹਜ਼ਾਰ ਡਾਲਰ ਦੇਣ ਅਤੇ ਬਦਸਲੂਕੀ ਕਰਨ ਲਈ ਮੁਆਫੀ ਮੰਗੀ ਹੈ। (ਇਹ ਕਾਫੀ ਨਹੀਂ) ਇਸ ਸਦੀ ਦੇ ਪੰਜਵੇਂ ਦਹਾਕੇ ਵਿਚ ਡੋਕੋਬੋਅਰ ਬੱਚਿਆਂ ਨੂੰ ਉਹਨਾਂ ਦੇ ਪਰਿਵਾਰਾਂ ਤੋਂ ਖੋਹ ਕੇ ਸਕੂਲਾਂ ਦੇ ਇਹਾਤਿਆਂ ਦੁਆਲੇ ਤਾਰਾਂ ਲਾ ਕੇ ਬੰਦ ਕੀਤਾ। ਹੁਣ ਜਿਸ ਢੰਗ ਨਾਲ ਰਿਫੀਊਜੀਆਂ ਸੰਬੰਧੀ ਬਿਲ ਸੀ-84 ਲਿਆਂਦਾ ਹੈ (ਜਿਸ ਦੀ ਯੂ ਐਨ ਓ ਨੇ ਭੀ ਨਿੰਦਾ ਕੀਤੀ ਹੈ) ਉਹ ਸ਼ਰਮਨਾਕ ਹੈ। ਇਹ ਹੈ ਨਸਲੀ ਰਿਸ਼ਤਿਆਂ ਵਿਚ ਸਭਿਆਚਾਰਕ ਵਿਰਸਾ ਜਿਸ ਤੋਂ ਹਰ ਵਿਅਕਤੀ ਸ਼ਰਮਾਉਂਦਾ ਹੈ। ਇਥੇ ਦੇ ਮਜ਼ਦੂਰਾਂ ਦੀਆਂ ਆਪਣੇ ਹੱਕਾਂ ਲਈ ਹੱਕੀ ਲੜਾਈਆਂ ਨੂੰ ਤਾਂ ਇਹ ਵਿਰਸਾ ਹੀ ਨਹੀਂ ਮੰਨਦੇ।

ਮੰਨਣ ਭੀ ਕਿਉਂ? ਇਸ ਕਰਕੇ ਨਹੀਂ ਅਪਣਾਉਣਗੇ ਕਿਉਂਕਿ ਰਹਿ ਚੁਕੇ ਜੱਜ ਸਾਹਿਬ ਦੇ ਹਿਤ ਹਾਕਮ ਜਮਾਤ ਨਾਲ ਜਾਂਦੇ ਹਨ। ਰਹਿ ਚੁਕੇ ਜੱਜ ਸਾਹਿਬ ਧਨੀ ਮੈਕਮਿਲਨ ਬਲੋਡਲ ਦੇ ਚੇਅਰਮੈਨ ਰਹਿ ਚੁਕੇ ਹਨ। ਯੂਨੀਵਰਸਿਟੀ ਔਫ ਬ੍ਰਿਟਿਸ਼ ਕੁਲੰਬੀਆ ਦੇ ਗਵਰਨਰਾਂ ਦੇ ਬੋਰਡ ਤੇ ਰਹਿ ਚੁਕੇ ਹਨ ਅਤੇ ਇਸ ਯੂਨੀਵਰਸਿਟੀ ਦੇ ਚਾਂਸਲਰ ਭੀ ਰਹਿ ਚੁਕੇ ਹਨ। ਬੀ ਸੀ ਦੀ ਸੁਪਰੀਮ ਕੋਰਟ ਦੇ ਰਿਟਾਇਰ ਸ਼ੁਦਾ ਜੱਜ ਹਨ। ਸੋ ਇਸ ਦੀ ਬੋਲੀ ਇਸ ਦੇ ਜਮਾਤੀ ਹਿਤਾਂ ਦੇ ਪੱਖ ਤੋਂ ਹੋਵੇਗੀ ਤੇ ਸਾਨੂੰ ਹੈਰਾਨੀ ਭੀ ਕੋਈ ਨਹੀਂ। ਜੁਡੀਸ਼ਰੀ ਭੀ ਸਟੇਟ ਦਾ ਇਕ ਅੰਗ ਹੈ ਅਤੇ ਕੈਨੇਡੀਅਨ ਸਟੇਟ ਧਨੀਆਂ ਦੀ ਹੈ ਜੋ ਲੋਕ ਵਿਰੋਧੀ ਹੈ ਅਤੇ ਖਾਸੇ ਦੇ ਅਨੁਸਾਰ ਇਮੀਗਰੇਸ਼ਨ ਤੇ ਨਸਲੀ ਰਿਸ਼ਤਿਆਂ ਸਬੰਧੀ ਸੋਚ ਤੇ ਨੀਤੀਆਂ।

ਇਸ ਤਰ੍ਹਾਂ ਦੀ ਲੋਕ ਵਿਰੋਧੀ ਸੋਚ ਨੂੰ ਲੋਕਾਂ ਵਿਚੋਂ ਨਿਖੇੜਨਾ ਤੇ ਭਾਂਜ ਦੇਣੀ ਜ਼ਰੂਰੀ ਹੈ। ਚਾਹੀਦਾ ਇਹ ਹੈ ਕਿ ਯੂ.ਬੀ.ਸੀ. ਦੇ ਵਿਦਿਆਰਥੀਆਂ ਤੇ ਅਧਿਆਪਕਾਂ ਅਤੇ ਵਕੀਲਾਂ ਨੂੰ ਭੀ ਇਸ ਬਿਆਨ ਵਿਰੁਧ ਆਵਾਜ਼ ਉਠਾਉਣੀ ਚਾਹੀਦੀ ਹੈ ਕਿ ਇਹੋ ਜਿਹੇ ਬਿਆਨ ਸਹਿਣ ਨਹੀਂ ਕੀਤੇ ਜਾ ਸਕਦੇ। ਇਸ ਤੋਂ ਇਹ ਭੀ ਭਲੀ ਭਾਂਤ ਅੰਦਾਜ਼ਾ ਲੱਗ ਸਕਦਾ ਹੈ ਕਿ ਇਸ ਤਰ੍ਹਾਂ ਦੇ ਖਿਆਲ ਕਿੰਨੇ →


PAUL'S
PLUMBING, ELECTRICAL
& HEATING SUPPLY





4774 MAIN ST. AT 32ND Vancouver
PH. 872-3118, 872-7227
OPEN SUNDAYS

Plumbing & Bathroom
Fixtures & Supplies
Hot Water Tanks

Hot Water Heating
& Supplies
And Instalations

# ਭਾਰਤੀ ਲੋਕਾਂ ਨੂੰ ਪਾੜਨ ਵਾਲਾ ਇਕੱਠ

(ਨੋਟ :— ਅਸੀਂ ਪਿਛਲੇ ਸਤੰਬਰ ਅੰਕ ਵਿਚ "ਸਾਮਰਾਜੀ ਏਜੰਟਾਂ ਦਾ ਪ੍ਰਪੰਚ" ਨਾਂ ਦਾ ਲੇਖ ਲਿਖ ਕੇ ਵੈਨਕੂਵਰ ਵਿਚ ਹੋ ਰਹੀ ਇਪਾਨਾ ਦੀ ਕਾਨਫਰੰਸ ਦੇ ਮਨੋਰਥ ਦਾ ਪੋਲ ਖੋਲ੍ਹਿਆ ਸੀ । ਇਸ ਹੇਠਲੇ ਲੇਖ ਵਿਚ ਇਪਾਨਾ ਦੀ ਕਾਨਫਰੰਸ ਦੇ ਮੁਖ ਮਹਿਮਾਨ "ਸ਼ਹਾਬੁਦੀਨ" ਅਤੇ ਉਸਦੇ ਸਹਿਯੋਗੀ ਰਜਨੀ ਕੁਠਾਰੀ ਆਦਿ ਵਲੋਂ ਜਲੰਧਰ ਵਿਚ ਕੀਤੇ ਏਸੇ ਤਰ੍ਹਾਂ ਦੇ ਇਕ ਇਕੱਠ ਬਾਰੇ ਲੋਕ ਲਹਿਰ ਜਲੰਧਰ ਦਾ 8 ਸਤੰਬਰ ਦਾ ਸੰਪਾਦਕੀ ਪਾਠਕਾਂ ਨੂੰ ਭੇਟਾ ਕਰ ਰਹੇ ਹਾਂ । ਇਸ ਨਾਲ ਇਨ੍ਹਾਂ ਸਾਮਰਾਜ ਭਗਤ ਮਦਾਰੀਆਂ ਦਾ ਪੂਰਾ ਰੂਪ ਉਘੜ ਆਵੇਗਾ ।)

ਜਲੰਧਰ 'ਚ ਪੰਜ ਤੇ ਛੇ ਸਤੰਬਰ ਨੂੰ ਕਥਿਤ ਭਾਰਤੀ ਘੱਟ ਗਿਣਤੀ ਤੇ ਦਲਿਤ ਮੋਰਚਾ ਪੰਜਾਬ ਵਲੋਂ "ਅਨੇਕਤਾ ਨੂੰ ਖਤਰੇ" ਦੇ ਵਿਸ਼ੇ ਉਤੇ ਕਰਵਾਈ ਗਈ ਦੋ ਦਿਨਾਂ ਕਨਵੈਨਸ਼ਨ ਭਾਰਤੀ ਲੋਕਾਂ ਦੀ ਏਕਤਾ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਮਜ਼ਬੂਤੀ ਦੀ ਲੋੜ ਦੀ ਕਸਵੱਟੀ ਤੋਂ ਲਿਆ ਇਕ ਨਾਂਹ ਪੱਖੀ ਘਟਨਾ ਹੀ ਕਹੀ ਜਾ ਸਕਦੀ ਹੈ। ਇਸ ਦੀ ਕਾਰਵਾਈ, ਫੈਸਲਿਆਂ ਅਤੇ ਇਸ 'ਚ ਸ਼ਮੂਲੀਅਤ ਕਰਨ ਵਾਲੀਆਂ "ਹਸ-ਤੀਆਂ" ਨੂੰ ਦੇਖਿਆਂ ਇਹੀ ਕਿਹਾ ਜਾ ਸਕਦਾ ਹੈ ਕਿ ਇਸ ਦੀ ਪਰਮੁੱਖ ਸੁਰ ਲੋਕਾਂ ਦੀ ਜਮਾਤੀ, ਜਮਹੂਰੀ ਧਰਮ ਨਿਰਪੱਖ ਅਤੇ ਦੇਸ ਭਗਤਕ ਲੀਹਾਂ ਉਪਰ ਏਕਤਾ ਵਿਰੋਧੀ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਢਾਹ ਲਾਉਣ ਵਾਲੀ ਹੀ ਸੀ । ਪੰਜਾਬ ਦੀ ਅਜੋਕੀ ਸਥਿਤੀ ਵਿਚ ਵੱਖਵਾਦੀ ਅੱਤਵਾਦੀਆਂ ਵਲੋਂ ਹੋ ਰਹੇ ਬੇਦੋਸੇ ਲੋਕਾਂ, ਅਤੇ ਰਾਜਨੀਤਕ ਵਿਰੋਧੀਆਂ ਦੇ ਕਤਲਾਂ ਦੀ ਸਪੱਸ਼ਟ ਸ਼ਬਦਾਂ ਵਿਚ ਨਿਖੇਧੀ ਨਾ ਕਰਨਾ ਵੀ ਇਕ ਹੋਰ ਮੋਟੀ ਕਸਵੱਟੀ ਹੈ ਕਿ ਇਹ ਇਕੱਠ ਸੁਖ ਲੱਧਾ ਨਹੀਂ, ਇਸ ਇਕੱਠ ਵਾਲੇ, ਪੰਜਾਬ ਦੇ ਲੋਕਾਂ ਦਾ ਜਿਹੜੇ ਅਸੁਰਖਿਆ ਮਹਿਸੂਸ ਕਰ ਰਹੇ ਹਨ ਅਤੇ ਅਮਨ ਚਾਹੁੰਦੇ ਹਨ, ਭਾਵੇਂ ਉਹ ਸਿੱਖ ਹਨ ਜਾਂ ਹਿਦੂ, ਭਲਾ ਨਹੀਂ ਚਾਹੁੰਦੇ, ਇਹ ਕਨਵੈਨਸ਼ਨ ਪੰਜਾਬ ਦੇ ਲੋਕਾਂ ਨੂੰ ਦੇਸ ਦੀ ਜਮਹੂਰੀ, ਧਰਮ ਨਿਰਪੱਖ ਅਤੇ ਦੇਸ ਭਗਤਕ ਮੁਖ ਧਾਰਾ ਵਿਚ ਨਹੀਂ ਜੋੜਦੀ, ਸਗੋਂ ਉਹਨਾਂ ਹਿੰਦੂ ਧਰਮ ਦੇ ਅਨੁਆਈ ਕਰੋੜਾਂ ਭਾਰਤੀ ਮਜ਼ਦੂਰਾਂ, ਖੇਤ ਮਜ਼ਦੂਰਾਂ, ਕਿਸਾਨਾਂ ਅਤੇ ਦੂਸਰੇ ਲੋਕਾਂ ਨਾਲੋਂ ਨਿਖੇੜਦੀ ਹੈ ਜਿਹੜੇ ਕਿ ਦੇਸ ਦੇ ਬੁਰਜਵਾ-ਲੈਂਡਲਾਰਡ ਹਾਕਮਾਂ ਦੇ ਦੁਰਰਾਜ ਤੇ ਸਤਾਏ ਪਏ ਹਨ।

ਸੱਯਦ ਸਹਾਬੁਦੀਨ, (ਜੋ ਮੁਸਲਮ ਰੁਝੀਵ ਦੀਆਂ ਤੇ ਵੱਖਵਾਦੀਆਂ ਦਾ ਮੜੋਲੀ ਬਣਿਆਂ ਹੋਇਆ ਹੈ, ਰਜਨੀ ਕੋਠਾਰੀ, ਜਿਸ ਦੇ ਸੀ. ਆਈ. ਏ. ਨਾਲ ਯਰਾਨਿਆਂ ਦਾ ਰਾਜ ਕੋਈ ਲੁਕਿਆ ਛਿਪਿਆ ਨਹੀਂ, ਅਤੇ ਕੁਝ ਹੋਰਾਂ ਦੇ, ਜਿਹਨਾਂ ਦੀ ਧਰਮ ਨਿਰਪੱਖਤਾ ਬਾਰੇ ਪ੍ਰਤੀਤ ਸ਼ੱਕੀ ਹੈ, ਅਤੇ ਜਿਹਨਾਂ ਨੂੰ ਅਮ-ਰੀਕੀ ਸਾਮਰਾਜ ਦੀਆਂ ਭਾਰਤ ਵਿਰੋਧੀ ਸਾਜ਼ਸ਼ਾਂ ਦਿਸਦੀਆਂ ਤੱਕ ਨਹੀਂ, ਭਾਸ਼ਣ ਮੋਟੇ ਤੌਰ 'ਤੇ ਧਰਮ ਅਧਾਰਤ ਕੌਮ ਅਤੇ ਰਾਜ ਦੇ ਅਣਵਿਗਿਆਨਕ ਤੇ ਜਗੀਰੂ ਪਿਛਾਖੜੀ ਜਮਾਤਾਂ ਅਤੇ ਸਾਮ-ਰਾਜੀਆਂ ਨੂੰ ਸੂਤ ਬੈਠਦੇ ਅਤੇ ਕਿਰਤੀ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਮਿਹਨਤਕਸ਼ਾਂ ਤੇ ਦੇਸ਼ ਭਗਤਕ ਲੋਕਾਂ ਨੂੰ ਕਸੂਤ ਬੈਠਦੇ ਦਿਵਾਲੀਆ ਵੰਡਵਾਦੀ ਸਿਧਾਂਤ ਦੀ ਹੀ ਪਿੱਠ ਠੋਕਦੇ ਹਨ। ਉਹ ਸਮਾਜ ਦੀ ਜਮਾਤੀ ਵੰਡ ਨੂੰ ਬੁਨਿਆਦੀ ਸਮਾਜੀ ਅਸਲੀਅਤ ਨਹੀਂ ਸਮਝਦੇ ਸਗੋਂ ਧਰਮਾਂ, ਜਾਤਾਂ ਅਤੇ ਖੇਤਰੀਵਾਦ ਨੂੰ ਹੀ ਬੁਨਿਆਦੀ ਅਸਲੀਅਤ ਸਮਝਦੇ ਹਨ। ਇਥੋਂ ਹੀ ਉਹਨਾਂ ਦੀ ਸਾਰੇ ਮਸਲਿਆਂ ਬਾਰੇ ਕੇਂਦਰ ਤੇ ਰਾਜ ਸਬੰਧਾਂ ਬਾਰੇ ਗਲਤ ਤੇ ਵੱਖਵਾਦੀ ਪਹੁੰਚ ਸਾਹਮਣੇ ਆਉਂਦੀ ਹੈ। ਇਹ ਤੱਥ ਹੈ ਕਿ ਭਾਰਤੀ ਵਸੋਂ ਬਹੁਧਰਮਾਂ ਵਾਲੀ ਹੈ, ਜਿਸ ਵਿਚ ਹਿੰਦੂ ਬਹੁ-ਗਿਣਤੀ ਹੈ, ਅਤੇ ਮੁਸਲਮਾਨ, ਸਿੱਖ ਤੇ ਇਸਾਈ ਘਟ ਗਿਣਤੀ ਵਿਚ ਹਨ। ਇਹ ਵੀ ਇਕ ਤੱਥ ਹੈ ਕਿ ਧਾਰਮਿਕ ਘੱਟ ਗਿਣ-ਤੀਆਂ ਦੇ ਕੁਝ ਗਿਲੇ ਸ਼ਿਕਵੇ ਹਨ, ਐਪਰ ਇਹਨਾਂ ਘੱਟ ਗਿਣ-ਤੀਆਂ ਦੇ ਜਾਇਜ਼ ਹੱਕਾਂ ਦੀ ਰਾਖੀ ਦਰਿੜ੍ਹ ਧਰਮ ਨਿਰਪੱਖ ਪਹੁੰਚ ਦੇ ਆਧਾਰ ਤੇ ਹੀ ਕੀਤੀ ਜਾ ਸਕਦੀ ਹੈ ਨਾ ਕਿ ਬਹੁ-

---

ਲੋਕਾਂ ਵਿਚ ਹਨ ਅਤੇ ਪਿਛੇ ਜਿਹੇ ਹੋਏ ਸਰਵੇਖਣਾਂ ਨੇ ਸਾਬਤ ਕੀਤਾ ਹੈ ਕਿ ਲੋਕਾਂ ਦੀ ਕਾਫੀ ਗਿਣਤੀ "ਚਿੱਟਾ" ਕੈਨੇਡਾ ਦੀ ਧਾਰਨੀ ਹੈ । ਕੀ ਇੰਗਲੈਂਡ ਦਾ ਪਾਵਲ ਭੀ ਅੰਗਰੇਜ਼ਾਂ ਦਾ ਘੱਟ ਗਿਣਤੀ ਵਿਚ ਰਹਿ ਜਾਣ ਦਾ ਨਾਅਰਾ ਨਹੀਂ ਸੀ ਲਾਉਂਦਾ ? ਹੁਣ ਕੈਨੇਡਾ ਵਿਚ ਉਹ ਹੀ ਗੰਦਾ ਨਾਅਰਾ ਫਿਰ ਉਪਜਿਆ ਹੈ। ਇਸ ਨੂੰ ਹੁਣ ਹੀ ਸਮੇਂ ਸਿਰ ਭਾਂਜ ਦਿਉ ਨਹੀਂ ਤਾਂ ਇਹੋ ਜਿਹੀ ਸੋਚ ਭਾਰੂ ਹੋ ਕੇ ਇਮੀਗਰੇਸ਼ਨ ਵਿਚ ਰੰਗਦਾਰਾਂ ਲਈ ਹੋਰ ਸਖਤਾਈ ਅਤੇ ਹਿਊਮਨ ਰਾਈਟਸ ਐਕਟ ਨੂੰ ਕਮਜ਼ੋਰ ਕਰਨ ਲਈ ਹੋਰ ਖੋਰਾ ਲੱਗ ਸਕਦਾ ਹੈ (ਖੈਰ ਬੀ ਸੀ ਵਿਚ ਤਾਂ ਹਿਊਮਨ ਰਾਈਟਸ ਕਾਨੂੰਨ ਦਾ ਭੋਗ ਪੈ ਚੁਕਾ ਹੈ)। ●


# MODREN PARTY RENTAL

4359 Fraser St., Vancouver, B.C.

- ਵਿਆਹ ਸ਼ਾਦੀਆਂ ਅਤੇ ਪਾਰਟੀਆਂ ਲਈ ਹਰ ਤਰ੍ਹਾਂ ਦੇ ਬਰਤਨ ਕਿਰਾਏ ਉਪਰ ਸਾਡੇ ਕੋਲੋਂ ਲੈਣ ਲਈ

**879-6471** ਉਪਰ ਫੂਨ ਕਰੋ

- ਫੁੱਲਾਂ ਅਤੇ ਨੈਪਕਿੰਨਜ਼ ਤੱਕ ਹਰ ਤਰ੍ਹਾਂ ਦਾ ਸਾਮਾਨ ਬਹੁਤ ਹੀ ਬਾਜਵ ਕਿਰਾਏ ਉਪਰ ਮਿਲਦਾ ਹੈ।
- ਹਰ ਕਿਸਮ ਦੀ ਸੁਆਦੀ ਅਤੇ ਭਾਂਤ ਭਾਂਤ ਦੇ ਖਾਣੇ, ਵੱਡੀ ਤੋਂ ਵੱਡੀ ਪਾਰਟੀ ਲਈ ਤਿਆਰ ਕਰਨ ਲਈ ਅਤੇ ਵਰਤਾਉਣ ਲਈ, ਬੀ. ਸੀ. ਭਰ ਵਿਚ ਮਸ਼ਹੂਰ ਅਤੇ ਲੋਇਰਮੇਨ ਲੈਂਡ ਵਿਚ ਤੁਹਾਡਾ ਆਪਣਾ ਰੈਸਟੋਰੈਂਟ ਸੇਵਾ ਲਈ ਹਾਜ਼ਰ ਹੈ : ਤੁਹਾਡਾ ਮਨ ਪਸੰਦ :

## ਮੋਤੀ ਮਹਿਲ ਰੈਸਟੋਰੈਂਟ

6540 Main St., Vancouver, B.C. **Ph. 321-3223**

ਗਿਣਤੀ ਦੀ ਫਿਰਕਾਪ੍ਰਸਤੀ ਵਿਰੁਧ ਘੱਟ ਗਿਣਤੀ ਦੀ ਫਿਰਕਾ-ਪ੍ਰਸਤੀ ਅਤੇ ਰੂੜ੍ਹੀਵਾਦ ਨਾਲ, ਇਸ ਤਰਾਂ ਕਰਕੇ ਤਾਂ ਬਹੁਗਿਣਤੀ ਦੀ ਫਿਰਕਾਪ੍ਰਸਤੀ ਨੂੰ ਤਾਕਤ ਮਿਲਦੀ ਹੈ । ਲੋੜ ਹੈ ਸਮੂਹ ਧਰਮਾਂ ਦੇ ਅਨੁਆਈ ਲੋਕਾਂ ਦੀ ਧਰਮ ਨਿਰਪੱਖਤਾ ਦੀ ਪਹੁੰਚ ਲੈਕੇ ਵਿਸ਼ਾਲ ਏਕਤਾ ਉਸਾਰਨ ਦੀ ਅਜੇਹਾ ਕਰਕੇ ਹੀ ਲੋਕ ਆਪਣੀ ਜਮੀਰ ਦੀ ਅਜ਼ਾਦੀ ਦੇ ਅਧਿਕਾਰ ਨੂੰ ਮਾਣਦੇ ਹੋਏ ਦੇਸ਼ ਦੇ ਵੱਡੀ ਬੁਰਜੂਆਜ਼ੀ ਦੇ ਅਗਵਾਈ 'ਚ ਬੁਰਜਵਾਲੈਂਡ ਲਾਰਡ ਹਾਕਮਾਂ ਨੂੰ ਪਿਛਾੜ ਸਕਦੇ ਹਨ, ਦੇਸ਼ 'ਚ ਮਜ਼ਦੂਰਾਂ ਤੇ ਕਿਸਨਾਂ ਦਾ, ਲੋਕਾਂ ਦਾ, ਰਾਜ ਕਾਇਮ ਕਰ ਸਕਦੇ ਹਨ, ਜਿਥੇ ਕਿ ਧਰਮਾਂ, ਜਾਤਾਂ ਤੇ ਇਲਾਕਾਵਾਦ ਦੇ ਅਧਾਰ 'ਤੇ ਵਿਤਕਰੇ ਨਹੀਂ ਹੋਣਗੇ । ਇਸ ਤੋਂ ਵੱਖ ਫਿਰਕੂ ਪਹੁੰਚ ਲੈਣ । ਲੋਕਾਂ ਨੂੰ ਪਾੜਨਾ ਹੈ ਅਤੇ ਲੋਕਾਂ ਦੀ ਇਸ ਲੜਾਈ ਨੂੰ ਕਮਜ਼ੋਰ ਕਰਨਾ ਹੈ । ਸਾਡੇ ਸਾਹਮਣੇ ਲੋਕ ਚੀਨ, ਵੀਅਤਨਾਮ, ਕੋਰੀਆ ਆਦਿ ਦੇਸ਼ਾਂ ਦੀ ਮਿਸਾਲ ਹੈ, ਉਥੇ ਲੋਕ ਜਮਾਤੀ ਲੀਹਾਂ ਤੇ ਜਥੇਬੰਦ ਹੋਏ, ਮਜ਼-ਦੂਰ ਜਮਾਤ ਦੀ ਅਗਵਾਈ 'ਚ ਮਜ਼ਦੂਰ-ਕਿਸਾਨ ਏਕੇ ਦੇ ਆਧਾਰ 'ਤੇ ਲੋਕ ਜਮਹੂਰੀ ਰਾਜ ਕਾਇਮ ਹੋਏ ਉਥੇ ਤਿੱਖੇ ਜ਼ਮੀਨੀ ਸੁਧਾਰ ਕਰਕੇ ਪੂਰਵ ਪੂੰਜੀਵਾਦੀ ਸਬੰਧ ਖਤਮ ਕਰ ਦਿਤੇ ਗਏ ਹਨ, ਉਥੇ ਨਾ ਫਿਰਕਾਪ੍ਰਸਤੀ ਦੀ ਕੋਈ ਸਮਸਿਆ ਹੈ ਨਾ ਹੀ ਵੰਡਵਾਦੀ ਤੇ ਵੱਖਵਾਦੀ ਸ਼ਕਤੀਆਂ ਦੀ, ਹਰ ਕਿਸੇ ਨੂੰ ਜ਼ਮੀਰ ਦੀ ਅਜ਼ਾਦੀ ਦੀ ਗਰੰਟੀ ਹੈ, ਵਿਤਕਰੇ ਨਹੀਂ ਹਨ, ਬੇਰੁਜ਼ਗਾਰੀ, ਅਨਪੜ੍ਹਤਾ ਤੇ ਗਰੀਬੀ ਵਰਗੀਆਂ ਸਮਸਿਆਵਾਂ ਵੀ ਦੂਰ ਹੋ ਗਈਆਂ ਹਨ, ਸਮਾਜਵਾਦ ਦੀ ਉਸਾਰੀ ਕਰਦੇ ਹੋਏ ਲੋਕ ਸਰਵ ਪੱਖੀ ਖੁਸ਼ਹਾਲੀ ਵਲ ਵਧ ਰਹੇ ਹਨ ।

ਭਾਰਤ 'ਚ ਸਰਮਾਏਦਾਰ ਜਗੀਰਦਾਰ ਹਾਕਮਾਂ ਵਲੋਂ ਅਪਣਾਇਆ ਵਿਕਾਸ ਦਾ ਦਿਵਾਲੀਆ ਪੂੰਜੀਵਾਦੀ ਰਾਹ ਰਾਸ਼-ਟਰੀ ਏਕਤਾ ਲਈ ਖਤਰੇ ਦਾ ਵੱਡਾ ਸੋਮਾ ਬਣ ਗਿਆ ਹੈ । ਪੂੰਜੀਵਾਦੀ ਰਾਹ ਦੇ ਸੰਕਟ ਕਾਰਨ ਹੀ ਇੰਕਾ ਹਾਕਮ ਸੰਘਵਾਦ ਅਸੂਲ ਨੂੰ ਭੰਗ ਕਰਦਿਆਂ ਰਾਜਾਂ ਦੇ ਅਧਿਕਾਰ ਘਟਾਕੇ ਸੱਤਾ ਨੂੰ ਕੇਂਦਰ ਵਿਖੇ ਕੇਂਦਰਤ ਕਰਨਾ ਜਾਰੀ ਰਖ ਰਹੇ ਹਨ, ਇਹ ਅਮਲ ਇੰਕਾ ਹਾਕਮਾਂ ਦੀ ਏਕਾਅਧਿਕਾਰਵਾਦੀ ਹੋੜ ਦਾ ਪ੍ਰਗ-ਟਾਵਾ ਹੀ ਹੈ । ਇਹ ਵੀ ਤੱਥ ਹੈ ਕਿ ਰਾਜਾਂ ਦੇ ਅਧਿਕਾਰ ਘਟਾਉਣ ਦੇ ਫਲਸਰੂਪ ਵੱਖਵਾਦੀ ਰੁਝਾਨ ਉਭਰਦੇ ਹਨ ਅਤੇ ਮੌਕਾਪ੍ਰਸਤ ਰਾਜਨੀਤੀਵਾਨਾਂ ਨੂੰ ਧਰਮਾਂ, ਜਾਤਾਂ ਅਤੇ ਖੇਤਰੀਵਾਦ ਤੇ ਅਧਾਰਤ ਤੰਗ ਸ਼ਾਵਨਵਾਦੀ ਵੰਡਵਾਦੀ ਤੇ ਵੱਖਵਾਦੀ ਅਪੀਲਾਂ ਕਰਨ ਦੇ ਮੌਕੇ ਮੁਹੱਈਆ ਹੁੰਦੇ ਹਨ । ਇਹਨਾਂ ਤੰਗ ਨਜ਼ਰ ਤੇ ਵੰਡਵਾਦੀ ਰੁਝਾਨਾਂ ਨੂੰ ਵਰਤਕੇ ਸਾਮਰਾਜੀ ਖਾਸ ਕਰ ਅਮਰੀਕੀ ਸਾਮਰਾਜੀ ਭਾਰਤ ਨੂੰ ਅਸਥਿਰ ਕਰਨ ਦੀਆਂ ਸਾਜਸ਼ਾਂ ਰਚਦੇ ਹਨ । ਇਸ ਤਰਾਂ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖਤਰਾ ਪੈਦਾ ਹੁੰਦਾ ਹੈ । ਪੰਜਾਬ 'ਚ ਖਾਲਿਸਤਾਨੀ ਲਹਿਰ, ਗੋਰਖਾਲੈਂਡੀਆਂ ਦੀ ਲਹਿਰ ਅਤੇ ਅਸਾਮ ਡੀ ਐਸ-4 ਆਦਿ ਅਜੇਹੇ ਵੰਡਵਾਦੀ ਤੇ ਵੱਖਵਾਦੀ ਰੁਝਾਨਾਂ ਦੀਆਂ ਪਰਮੁਖ ਮਿਸਾਲਾਂ ਹਨ ।

ਅਜੇਹੀ ਅਵਸਥਾ 'ਚ ਕੇਂਦਰ-ਰਾਜ ਸਬੰਧਾਂ ਦਾ ਅਜੇਹਾ ਪੁਨਰਗਠਨ, ਜਿਸ ਨਾਲ ਰਾਸ਼ਟਰੀ ਏਕਤਾ ਮਜ਼ਬੂਤ



ਪੰਜਾਬ ਕਿਸਾਨ ਸਭਾ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵਲੋਂ ਜੇਲ੍ਹ ਭਰੋ ਅੰਦੋਲਨ ਦੌਰਾਨ ਸੰਗਰੂਰ ਵਿਚ ਡੀ.ਸੀ. ਦਫਤਰ ਵੱਲ ਗ੍ਰਿਫਤਾਰੀ ਦੇਣ ਜਾ ਰਹੇ ਜਥੇ ਵਿਚ ਸ੍ਰੀਮਤੀ ਜੰਗੀਰ ਕੌਰ ਭੱਠਲ (ਰਿਕਸ਼ੇ ਤੇ) ਵੀ ਵਖਾਈ ਦੇ ਰਹੇ ਹਨ । ਜਥੇ ਦੇ ਅੱਗੇ ਕਿਸਾਨ ਆਗੂ ਜੰਗੀਰ ਸਿੰਘ ਕੌਲਸੇੜੀ ਵੀ ਵਖਾਈ ਦੇ ਰਹੇ ਹਨ ।

---

ਹੋਵੇ, ਰਾਜਾਂ ਦੀ ਖੁਦਮੁਖਤਾਰੀ ਵੀ ਸੁਰਖਿਅਤ ਰਹੇ ਅਤੇ ਕੇਂਦਰ ਏਨਾ ਮਜ਼ਬੂਤ ਹੋਵੇ ਕਿ ਇਹ ਰਾਸ਼ਟਰੀ ਰਖਿਆ, ਯੋਜਨਾਬੰਦੀ, ਬਦੇਸ਼ ਨੀਤੀ, ਆਰਥਿਕ ਮਾਮਲੇ ਆਦਿ ਸਮੁਚੇ ਦੇਸ਼ ਨਾਲ ਸਬੰਧਤ ਆਪਣੇ ਕੰਮਾਂ ਨੂੰ ਅਸਰਦਾਰ ਢੰਗ ਨਾਲ ਨਿਭਾ ਸਕੇ, ਤੱਦ ਹੀ ਕੀਤਾ ਜਾ ਸਕਦਾ ਹੈ ਜੇ ਸਮੁਚੇ ਦੇਸ਼ ਦੇ ਲੋਕ ਧਰਮਾਂ, ਜਾਤਾਂ ਅਤੇ ਖੇਤਰੀਵਾਦ ਦੀਆਂ ਵੰਡੀਆਂ ਤੋਂ ਉਪਰ ਉਠਕੇ ਧਰਮ ਨਿਰਪੱਖ, ਜਮਹੂਰੀ ਅਤੇ ਦੇਸ਼ ਭ ਤਕ ਲੀਹਾਂ ਉਪਰ ਇਕ ਸਾਂਝੀ ਲਹਿਰ ਉਸਾਰਨ । ਜਲੰਧਰ 'ਚ ਹੋਇਆ ਇਹ ਕਥਿਤ ਘੱਟ ਗਿਣਤੀ ਇਕੱਠ ਇਸ ਆਸ਼ੇ ਦੇ ਉਲਟ ਜਾਂਦਾ ਹੈ ਅਤੇ ਬਾਹਰ ਮੁਖੀ ਤੌਰ 'ਤੇ ਲੋਕਾਂ ਦੀ ਸਹੀ ਜਮਾਤੀ ਤੇ ਜਮਹੂਰੀ ਲੀਹਾਂ 'ਤੇ ਏਕਤਾ ਨੂੰ ਤੋੜਦਾ ਹੈ ਅਤੇ ਇਹ ਰਾਜਾਂ ਲਈ ਵਧੇਰੇ ਅਧਿਕਾਰਾਂ ਦੀ ਜਮਹੂਰੀ ਲੜਾਈ ਨੂੰ ਕਮਜ਼ੋਰ ਕਰਦਾ ਹੈ ਅਤੇ ਦੇਸ਼ ਦੇ ਬੁਰਜਵਾ-ਲੈਂਡਲਾਰਡ ਹਾਕਮਾਂ ਅਤੇ ਭਾਰਤ ਦੋਖੀਆਂ ਤੇ ਸਾਮਰਾਜੀਆਂ ਲਈ ਹੀ ਸਹਾਈ ਹੁੰਦਾ ਹੈ ।


# TOOR SPICES

**6669 FRASER ST., VANCOUVER, B.C.**

**PH. 324-3432**

**ਵਿਆਹ ਸ਼ਾਦੀ, ਅਖੰਡ ਪਾਠਾਂ ਆਦਿ ਲਈ ਗਰੌਸਰੀ ਖਰੀਦਣ ਤੇ ਸਪੈਸ਼ਲ ਡਿਸਕਾਊਂਟ ਹੋਵੇਗਾ**

# SINGH FOODS

**6684 MAIN ST., (AT 51st. AVE.) VANCOUVER, B.C.**

**PH. 327-4911**

# ਅਜ਼ਾਦੀ ਸੰਗ੍ਰਾਮੀ ਭਗਵਾਨ ਸਿੰਘ ਲੌਂਗੋਵਾਲੀਆ

*–ਸਰਵਣ ਸਿੰਘ ਬੀਰ*

ਰਾਜਸੀ ਵਰਕਰਾਂ ਵਿਚ ਆਮ ਕਹਾਵਤ ਹੈ ਕਿ ਵਰਕਰ ਉਹ ਹੁੰਦਾ ਹੈ ਜਿਸ ਨੇ ਆਪਣਾ ਰਾਜਸੀ ਜੀਵਨ ਜੇਲ੍ਹਾਂ ਦੀ ਬੁਨਿਸੱਬਤ ਵਧੇਰੇ ਕਰਕੇ ਰੂਹਪੋਸ਼ੀ ਵਿਚ ਬਿਤਾਇਆ ਹੋਵੇ। ਗ੍ਰਿਫਤਾਰੀ ਤੋਂ ਬਚਣ ਲਈ ਪੁਲਸ ਨੂੰ ਝੁਕਾਨੀ ਦੇਣਾ, ਇਸ਼ਤਿਹਾਰ, ਅਖਬਾਰ ਤੇ ਚੌਵਰਕੀਆਂ ਵੰਡਣੀਆ ਮੀਟਿੰਗਾਂ ਕਰਾਉਣੀਆਂ, ਈਖਾਂ ਚਰ੍ਹੀਆਂ ਤੇ ਕਮਾਦਾਂ ਵਿਚ ਲੁਕ ਕੇ ਰਹਿਣਾ ਅਤੇ ਰੁੱਖੀ ਮਿਸੀ ਖਾ ਕੇ ਗੁਜ਼ਾਰਾ ਕਰਨਾ। ਐਨ ਇਹੋ ਗਲ ਦੇਸ਼ ਭਗਤ ਭਗਵਾਨ ਸਿੰਘ ਲੌਂਗੋਵਾਲੀਏ ਦੀ ਹੈ ਜਿਸਨੇ ਪੂਰੇ ਪੰਜ ਵਰ੍ਹੇ ਜਲਾਵਤਨੀ ਅਤੇ ਰੂਹਪੋਸ਼ੀ ਵਿਚ ਬਿਤਾਏ ਅਤੇ ਇਸ ਤੋਂ ਇਲਾਵਾ ਫੌਜੀ ਪਰਵਾਰ ਨਾਲ ਸਬੰਧਤ ਰੱਜੇ ਪੁੱਜੇ ਕਿਸਾਨ ਘਰਾਣੇ ਦੇ ਨੌਜਵਾਨ ਨੇ ਜਿੰਦਗੀ ਦੇ ਤੀਹ ਸੁਨਹਿਰੀ ਵਰ੍ਹੇ ਰ ਜਿਆਂ, ਮਹਾਂਰਾਜਿਆਂ ਅਤੇ ਅੰਗਰੇਜਾਂ ਵਿਰੁਧ ਲੜਦਿਆਂ ਜੇਲ੍ਹਾਂ ਵਿਚ ਬਿਤਾਏ। ਇਸ ਤੋਂ ਇਲਾਵਾ 35 ਵਿੱਘੇ ਜ਼ਮੀਨ ਕੁਰਕ ਕਰਵਾਈ ਅਤੇ 6650 ਰੁਪਏ ਜੁਰਮਾਨੇ ਵਜੋਂ ਅਦਾ ਕੀਤੇ।

ਆਪ ਦਾ ਜਨਮ ਸੰਗਰੂਰ ਜਿਲੇ ਦੇ ਇਤਿਹਾਸਕ ਪਿੰਡ ਲੌਂਗੋਵਾਲ ਵਿਖੇ ਮਾਰਚ 1893 ਵਿਚ ਹੋਇਆ। ਜਵਾਨ ਹੋ ਕੇ ਫੌਜ ਵਿਚ ਭਰਤੀ ਹੋਏ ਅਤੇ 1914-15 ਦੀ ਕਾਮਾਗਾਟਾ ਮਾਰੂ ਲਹਿਰ ਸਿਮੇਂ ਫੌਜ 'ਚੋਂ ਭਗੌੜੇ ਹੋ ਕੇ ਨੇਪਾਲ ਚਲੇ ਗਏ। ਜਿਥੋਂ ਸਾਧ ਦੇ ਭੇਸ ਵਿਚ ਇਲਾਹਾਬਾਦ ਆ ਗਏ ਅਤੇ ਪੰਡਿਤ ਮੋਤੀ ਲਾਲ ਨਹਿਰੂ ਨੂੰ ਮਿਲੇ ਅਤੇ ਫਿਰ ਪੰਜਾਬ ਆ ਗਏ ਅਤੇ ਅੱਗੋਂ 1921-22 ਵਿਚ ਗੁਰਦਵਾਰਾ ਲਹਿਰ ਵਿਚ ਆ ਸ਼ਾਮਲ ਹੋਏ। ਆਪ ਅਕਾਲੀਆਂ ਦੇ ਦੀਵਾਨਾਂ ਵਿਚ ਸ਼ਾਮਲ ਹੋ ਕੇ ਅੰਗਰੇਜ ਪਿੱਠੂ ਮਹੰਤਾਂ ਤੋਂ ਗੁਰਦਵਾਰਿਆਂ ਦੇ ਕਬਜੇ ਖੋਹਣ ਦੇ ਮੋਢੀ ਬਣੇ।

ਗੁਰਦਵਾਰਾ ਸੁਧਾਰ ਲਹਿਰ ਵਿਚ ਆਪ ਨੂੰ ਜ਼ਿਲਾ ਬਰਨਾਲਾ ਦੇ ਸ਼ੇਰਪੁਰ ਕਸਬਾ ਵਿਖੇ 24 ਮਈ 1922 ਨੂੰ ਇਕ ਤਕਰੀਰ ਕਰਨ ਬਦਲੇ ਦੋ ਸਾਲ ਦੀ ਸਜ਼ਾ ਅਤੇ 1000 ਰੁਪਏ ਜੁਰਮਾਨਾ ਸੁਣਾਇਆ। ਅਜੇ ਆਪ ਰੂਹਪੋਸ਼ ਹੀ ਸਨ ਕਿ ਉਥੇ ਅਦਾਲਤ ਨੇ ਤਾਜੀਰਾਤੇ ਹਿੰਦ ਦੀ ਦਫਾ 378 ਅਧੀਨ 9 ਮਹੀਨੇ ਦੀ ਸਜਾ ਅਤੇ 100 ਰੁਪਏ ਜੁਰਮਾਨਾ ਸੁਣਾਇਆ ਗਿਆ।

ਇਸੇ ਦੌਰਾਨ ਬਠਿੰਡਾ ਜ਼ਿਲੇ ਦੇ ਇਤਿਹਾਸਕ ਪਿੰਡ ਹੀਰੋ ਕਲਾਂ ਵਿਖੇ ਇਕ ਸਾਧ ਤੋਂ ਡੇਰਾ ਖੋਹਣ ਦੇ ਦੋਸ਼ ਅਧੀਨ ਡੇਢ ਸਾਲ ਕੈਦ ਅਤੇ ਢਾਈ ਸੌ ਰੁਪਇਆ ਦਾ ਜੁਰਮਾਨਾ ਸੁਣਾਇਆ ਗਿਆ। ਉਪਰੋਕਤ ਸਾਰੀਆਂ ਸਜਾਵਾਂ ਵਿਚ ਆਪ 21/4/1923 ਨੂੰ ਰਿਹਾ ਹੋ ਕੇ ਆਏ ਹੀ ਸਨ ਕਿ ਆਉਂਦਿਆਂ ਹੀ ਆਪਣੇ ਜੱਦੀ ਪਿੰਡ ਲੌਂਗੋਵਾਲ ਵਿਖੇ ਤਕਰੀਰ ਕਰਨ ਬਦਲੇ 3 ਸਾਲ ਸਖਤ ਕੈਦ ਅਤੇ ਇਕ ਅੰਗਰੇਜ ਵਿਰੋਧੀ ਤਕਰੀਰ ਕਰਨ ਬਦਲੇ 3 ਸਾਲ ਸਖਤ ਕੈਦ ਅਤੇ 500 ਰੁਪਏ ਜੁਰਮਾਨਾ ਸੁਣਾਇਆ ਗਿਆ।

ਅੱਗੋਂ ਜੁਲਾਈ 1924 ਵਿਚ ਆਪ ਦੀ ਸਾਰੀ ਜਾਇਦਾਦ ਕੁਰਕ ਕਰ ਲਈ ਗਈ। ਜੋ ਲਗਾਤਾਰ 1944 ਤੱਕ ਜਬਤ ਰਹੀ। ਉਪਰੋਕਤ ਮੁਕੱਦਮਿਆਂ 'ਚੋਂ ਆਪ ਗੁਰਦਵਾਰਾ ਸੁਧਾਰ ਐਕਟ ਪਾਸ ਹੋਣ ਉਪਰੰਤ 1925 ਵਿਚ ਜਦੋਂ ਕਿ ਬਹੁਤ ਸਾਰੇ ਅਕਾਲੀ ਵਰਕਰ ਰਿਹਾਅ ਕੀਤੇ ਗਏ ਨਾਲ ਹੀ ਰਿਹਾਅ ਹੋਏ। ਪਰ ਅਕਾਲੀਆਂ ਦੇ ਇਕ ਧੜੇ ਨੂੰ ਇਹ ਸਮਝੌਤਾ ਅਪ੍ਰਾਵਨ ਹੋਣ ਕਰਕੇ ਸੇਵਾ ਸਿੰਘ ਠੀਕਰੀਵਾਲਾ ਆਦਿ ਨੂੰ ਰਿਹਾਅ ਨਾ ਕੀਤਾ ਗਿਆ। ਇਸ ਲਈ ਲੌਂਗੋਵਾਲੀਏ ਨੇ ਬਾਹਰ ਆਉਂਦਿਆਂ ਹੀ ਠੀਕਰੀ ਵਾਲੇ ਦੀ ਰਿਹਾਈ ਲਈ ਮੀਟਿੰਗ ਜਥੇਬੰਦ ਕਰਨੀ ਸ਼ੁਰੂ ਕਰ ਦਿਤੀ। ਉਸ ਨੇ ਜਿਲਾ ਨਾਜ਼ਿਮ ਸੁਨਾਮ ਵਲੋਂ ਪਾਬੰਦੀ ਲਾਏ ਜਾਣ ਦੇ ਬਾਵਜੂਦ 11 ਜੁਲਾਈ 1926 ਨੂੰ ਆਪਣੇ ਪਿੰਡ ਲੌਂਗੋਵਾਲ ਤੋਂ ਇਕ ਸੱਤਿਆਗ੍ਰਹੀ ਜਥਾ ਲੈ ਕੇ ਸੁਨਾਮ ਨੇੜਲੇ ਪਿੰਡ ਨੰਗਲੇ ਵਿਖੇ ਪੁੱਜਾ। ਇਸ ਤੋਂ ਇਲਾਵਾ ਠੀਕਰੀ ਵਾਲਾ ਵਿਖੇ 1928 ਵਿਚ ਸੇਵਾ ਸਿੰਘ ਦੀ ਲਗਾਤਾਰ ਨਜ਼ਰਬੰਦੀ ਵਿਰੁਧ ਇਕ ਭਾਰੀ ਦੀਵਾਨ ਵਿਚ ਰਾਜਿਆਂ ਮਹਾਂਰਾਜਿਆਂ ਵਿਰੁਧ ਬੋਲਣ ਦੇ ਨਾਲ ਸਾਈਮਨ ਕਮਿਸ਼ਨ ਅਤੇ ਅੰਗਰੇ ਜ਼ ਸਰਕਾਰ ਦੀ ਵੀ ਮਿੱਟੀ ਪੁਲੀਤ ਕੀਤੀ। ਪਟਿਆਲਾ ਰਿਆਸਤੀ ਪੁਲੀਸ ਨੇ ਦੀਵਾਨ ਵਿਚੋਂ ਹੋਰ ਬਹੁਤ ਸਾਰੇ ਅਕਾਲੀ ਵਰਕਰਾਂ ਨੂੰ ਗਿਰਫਤਾਰ ਕਰ ਲਿਆ ਪਰ ਭਗਵਾਨ ਸਿੰਘ ਵਿਚੋਂ ਬਚ ਨਿਕ ਲਿਆ ਅਤੇ ਨੇੜਲੇ ਅੰਗਰੇਜੀ ਰਾਜ ਵਿਚ ਜਾ ਵੜਿਆ। ਇਸ ਤੋਂ ਬਾਅਦ ਉਸ ਨੇ ਰਿਆਸਤੋਂ ਬਾਹਰ ਰਹਿ ਕੇ ਹੀ ਸਰਗਰਮੀ ਜਾਰੀ ਰੱਖੀ ਅਤੇ ਜਦੋਂ ਸੁਨਾਮ ਅਤੇ ਮਾਨਸਾ ਪੱਕੇ ਰਾਜਸੀ ਗੜ੍ਹ ਬਣ ਗਏ ਤਾਂ ਉਹਨਾਂ ਬੁਢਲਾਡਾ (ਜ਼ਿਲਾ ਹਿਸਾਰ) ਅਤੇ ਖੁੜਿਆਲ (ਜ਼ਿਲਾ ਕਰਨਾਲ) ਵਿਖੇ ਜਲਾਵਤਨੀ ਦੇ ਤੌਰ ਤੇ ਰਹਿ ਕੇ ਰਿਆਸਤ ਤੇ ਰਾਜਸੀ ਗੜ੍ਹਾਂ ਨਾਲ ਸਬੰਧ ਬਣਾਇਆ। ਉਸ ਸਮੇਂ ਅਕਾਲੀ

CHIPS
POULTRY & FARM PRODUCE
3711 No.5 ROAD, RICHMOND, B.C.
ਕੁੱਕੜ ਦਾ, ਬੱਕਰੇ ਦਾ ਤੇ ਲੈਂਬ ਦਾ ਤਾਜ਼ਾ ਮੀਟ ਅਤੇ ਸਲਾਈਸਡ ਹੈਮ ਲੈਣ ਲਈ ਅੱਜ ਹੀ ਚਿਪਸ ਪੋਲਟਰੀ ਤੇ ਪਹੁੰਚੋ।
10-11-12 ਅਕਤੂਬਰ ਦੇ ਲੌਂਗ ਵੀਕਇੰਡ ਤੇ ਵੱਡੀ ਤੇ ਭਾਰੀ ਸੇਲ ਦਾ ਲਾਭ ਉਠਾਓ
ਕੀਮਤਾਂ ਇੰਨੀਆਂ ਘੱਟ ਕਿ ਤੁਸੀਂ ਦੇਖ ਕੇ ਹੈਰਾਨ ਹੀ ਰਹਿ ਜਾਵੋਗੇ!
ਜ਼ਿਆਦਾ (Bulk Meat) ਖਰੀਦਣ ਤੇ ਭਾਰੀ ਡਿਸਕਾਊਂਟ ਦਿੱਤਾ ਜਾਵੇਗਾ!
FOR MORE INFORMATION
Babul or Aly Phone : 278-0947

# ਲੋਕਤਾ ਦੇ ਇਕ ਪਿਛਲੇ ਸੰਪਾਦਕੀ ਨੋਟ ਬਾਰੇ

ਲੋਕਤਾ ਦੇ ਸਤੰਬਰ 1987 ਦੇ ਇਕ ਸੰਪਾਦਕੀ ਨੋਟ '**ਰਫੀਊਜੀ ਅਤੇ ਗੁਰਦਵਾਰਾ**' ਵਿਚ ਜੋ ਵਿਚਾਰ ਪਰਗਟ ਕੀਤੇ ਗਏ ਸਨ, ਉਸ ਸੰਬੰਧੀ ਗੁਰਦੁਆਰਾ ਰੌਸ ਸਟਰੀਟ ਦੀ ਕਮੇਟੀ ਨੇ ਲੋਕਤਾ ਦੇ ਸੰਪਾਦਕੀ ਬੋਰਡ ਨਾਲ ਗੱਲਬਾਤ ਕਰਨ ਲਈ ਪਹੁੰਚ ਕੀਤੀ। ਜਿਸਦੇ ਸਿੱਟੇ ਵਜੋਂ 19 ਸਤੰਬਰ ਨੂੰ ਵੈਨਕੂਵਰ ਵਿਚ ਕਮੇਟੀ ਦੇ ਮੈਂਬਰਾਂ ਨਾਲ ਖੁੱਲੇ ਮਾਹੌਲ ਵਿਚ ਬਾਦਲੀਲ ਵਿਚਾਰ ਵਟਾਂਦਰਾ ਹੋਇਆ।

ਗੁਰਦੁਆਰਾ ਰੌਸ ਸਟਰੀਟ ਦੀ ਕਮੇਟੀ ਮੈਂਬਰਾਂ ਦਾ ਕਹਿਣਾ ਸੀ ਕਿ ਉਨ੍ਹਾਂ ਢਾਈ ਲੱਖ ਡਾਲਰ ਇਕੱਠਾ ਨਹੀਂ ਕੀਤਾ। ਲੋਕਤਾ ਵਲੋਂ ਦੱਸਿਆ ਗਿਆ ਕਿ 12 ਅਗਸਤ 1987 ਦੇ ਵੈਨਕੂਵਰ 'ਸੰਨ' ਅਤੇ 13 ਅਗਸਤ 1987 ਦੇ ਪ੍ਰੋਵੈਂਸ ਵਿਚ ਡੇਢ ਲੱਖ ਡਾਲਰ ਦੇ ਖਰਚ ਅਤੇ ਅਗਲੇ ਹਫਤੇ ਹੋਰ ਫੰਡ ਇਕੱਠਾ ਕਰਨ ਬਾਰੇ ਗੁਰਦੁਆਰਾ ਦੇ ਪ੍ਰਧਾਨ ਸ. ਦਿਲਜੀਤ ਸਿੰਘ ਸੰਧੂ ਦੇ ਬਿਆਨ ਮੌਜੂਦ ਹਨ।

ਪਰ ਸਾਡਾ ਇਥੇ ਕਿਸੇ ਹਿਸਾਬ-ਕਿਤਾਬ ਵਿਚ ਜਾਣ ਦਾ ਇਰਾਦਾ ਨਹੀਂ ਹੈ ਅਸੀਂ ਤਾਂ ਕਮੇਟੀ ਦੇ ਵੈਨਕੂਵਰ ਸਿਟੀ ਹਾਲ ਦੇ ਨਾਲ ਚੱਲ ਰਹੇ ਵਿਵਾਦ ਦੇ ਸੰਬੰਧ ਵਿਚ, ਕਿ ਕਥਿਤ ਰਫੀਊਜੀਆਂ ਨੂੰ ਗੁਰਦੁਆਰੇ ਦੇ ਲਾਗਲੀ ਬਿਲਡਿੰਗ ਵਿਚ ਜਨਵਰੀ ਤੱਕ ਰਹਿਣ ਦੀ ਆਗਿਆ ਦਿੱਤੀ ਜਾਵੇ, ਬਾਰੇ ਇਹ ਸੁਝਾਓ ਦਿਤਾ ਸੀ ਕਿ ਬਾਈ-ਲਾਜ ਤੋਂ ਬਾਹਰ ਜਾ ਕੇ ਦਬਾਓ ਪਾਉਣਾ ਸਾਡੀ ਕਮਿਊਨਿਟੀ ਦੀ ਪਹਿਲਾਂ ਹੀ ਡਿਗੀ ਸਾਖ ਉਪਰ ਹੋਰ ਸੱਟ ਮਾਰਦਾ ਹੈ।

ਅਸੀਂ "ਰਫੀਊਜੀਆਂ" ਦੇ ਵਿਰੋਧੀ ਨਹੀਂ ਹਾਂ, ਸਗੋਂ ਅਸੀਂ ਤਾਂ ਸਭ ਤੋਂ ਪਹਿਲਾਂ ਇਹ ਗੱਲ ਆਖੀ ਸੀ ਕਿ ਸਰਕਾਰ ਕਾਨੂੰਨ ਅਨੁਸਾਰ ਇਨ੍ਹਾਂ ਨਾਲ ਵਰਤਾਓ ਕਰਕੇ ਇਨਸਾਫ ਦੇਵੇ। ਪਰ ਸਰਕਾਰ ਇਸ ਮਸਲੇ ਨੂੰ ਲਮਕਾਉਣਾ ਚਾਹੁੰਦੀ ਸੀ ਅਤੇ ਇਨ੍ਹਾਂ ਦੇ ਆਧਾਰ ਉਤੇ ਈਸਟ ਇੰਡੀਅਨ ਲੋਕਾਂ ਵਿਰੁਧ ਨਸਲੀ ਭਾਵਨਾਵਾਂ ਉਭਾਰ ਕੇ ਆਪਣੀ ਡਿਗ ਰਹੀ ਰਾਜਨੀਤਕ ਸਾਖ ਵਿਚ, ਸਖਤ ਕਾਨੂੰਨ ਬਣਾਉਣ ਦੇ ਨਾਂ ਉਪਰ, ਜਾਨ ਭਰਨਾ ਚਾਹੁੰਦੀ ਸੀ। ਅਸੀਂ ਇਹ ਵੀ ਕਿਹਾ ਸੀ ਕਿ ਇਸ ਮਸਲੇ ਦੇ ਲਮਕਾਏ ਜਾਣ ਦੇ ਨਾਲ ਭਾਰਤੀ ਕਮਿਊਨਿਟੀ ਵਿਚ ਦੇ ਵੱਖਵਾਦੀ-ਫਿਰਕੂ ਤੱਤ, ਇਸ ਤੋਂ ਰਾਜਨੀਤਕ ਲਾਭ ਉਠਾਉਣ ਦਾ ਯਤਨ ਕਰਨਗੇ। ਇਹ ਸਾਡੀ ਰਾਜਨੀਤਕ ਪਹੁੰਚ ਦੇ ਅਨੁਸਾਰ ਸਪਸ਼ਟ ਸਟੈਂਡ ਸੀ, ਜੋ ਕਿ ਸਮੇਂ ਅਤੇ ਅਮਲ ਨੇ ਠੀਕ ਸਿੱਧ ਕੀਤਾ।

ਗੱਲਬਾਤ ਦੇ ਦੌਰਾਨ ਕਮੇਟੀ ਨੇ ਹੋਰਨਾਂ ਪੱਖਾਂ ਸੰਬੰਧੀ ਵੀ ਵਿਚਾਰ ਸਪਸ਼ਟ ਕੀਤੇ। ਇਹ ਸਪਸ਼ਟ ਸੀ ਕਿ ਦੋਵੇਂ ਧਿਰਾਂ ਰਾਜਨੀਤਕ ਤੌਰ ਉਪਰ ਵੱਖੋ ਵੱਖ ਵਿਚਾਰਾਂ ਦੀਆਂ ਧਾਰਕ ਹਨ। ਕਮੇਟੀ ਮੈਂਬਰਾਂ ਨੇ, ਰਾਜਨੀਤਕ ਮੁੱਦਿਆਂ ਨੂੰ ਲਾਂਭੇ ਛੱਡਦਿਆਂ, ਨਸਲਵਾਦ, ਰਫੀਊਜੀ ਸਮੱਸਿਆ ਅਤੇ ਹੋਰ ਲੋਕਾਂ ਨਾਲ ਸੰਬੰਧਿਤ ਕਮਿਊਨਿਟੀ ਦੇ ਮਸਲਿਆਂ ਉਪਰ ਮਿਲਵਰਤਨ ਕਰਨ ਦੀ ਪੇਸ਼ਕਸ਼ ਕੀਤੀ। ਦੋਵਾਂ ਧਿਰਾਂ ਨੇ ਫੈਡਰਲ ਵਿਚ ਮਲਰੂਨੀ ਸਰਕਾਰ, ਸੂਬਾਈ ਸਰਕਾਰ ਅਤੇ ਸਿਟੀ ਵਿਚ ਦੀਆਂ ਸਰਕਾਰਾਂ ਦੀ ਨਸਲਵਾਦੀ ਪਹੁੰਚ ਦੇਖੀ। ਸੀ ਐਸ ਆਈ ਐਸ ਦੇ ਰੋਲ ਸਬੰਧੀ ਵੀ ਨਸਲਵਾਦੀ ਪਹੁੰਚ ਨੋਟ ਕੀਤੀ ਗਈ।

ਰਫੀਊਜੀਆਂ ਸੰਬੰਧੀ ਖਰਚ ਅਤੇ ਪ੍ਰਾਪਤ ਸਹਾਇਤਾ ਦਾ ਵੇਰਵਾ ਵੀ ਕਮੇਟੀ ਮੈਂਬਰਾਂ ਨੇ ਵਿਸਤਾਰ ਨਾਲ ਦੱਸਿਆ। ਇਸ ਸੰਬੰਧੀ ਅਸੀਂ ਏਥੇ ਕੋਈ ਅੰਕੜੇ ਨਹੀਂ ਦੇਣਾ ਚਾਹੁੰਦੇ ਕਿਉਂਕਿ ਸ਼ਾਇਦ ਫਿਰ ਉਨ੍ਹਾਂ ਵਿਚ ਕੁਝ ਫਰਕ ਰਹਿ ਜਾਵੇ। ਇਸ ਲਈ ਅਸੀਂ ਰੌਸ ਸਟਰੀਟ ਗੁਰਦੁਆਰਾ ਕਮੇਟੀ ਨੂੰ ਇਹੋ ਹੀ ਕਹਾਂਗੇ ਕਿ ਉਹ ਉਨ੍ਹਾਂ ਦੇ ਆਪਣੇ ਮੈਂਬਰਾਂ ਅਤੇ ਆਮ ਲੋਕਾਂ ਦੇ ਵਿਚ ਪਏ ਭੁਲੇਖਿਆਂ ਨੂੰ ਦੂਰ ਕਰਨ ਲਈ, ਰਫੀਊਜੀ ਫੰਡ ਸੰਬੰਧੀ ਵਿਸਤਾਰ ਸਹਿਤ ਰੀਪੋਰਟ ਘੱਟੋ ਘੱਟ ਪੰਜਾਬੀ ਪ੍ਰੈਸ ਨੂੰ ਰੀਲੀਜ਼ ਕਰੇ। ਇਹੋ ਹੀ ਇਕ ਉਚਿਤ ਢੰਗ ਕਮੇਟੀ ਦੀ ਪੋਜ਼ੀਸ਼ਨ ਨੂੰ ਸਪਸ਼ਟ ਕਰ ਸਕਦਾ ਹੈ। ●

( ਸਫਾ ੨੧ ਦੀ ਬਾਕੀ )

ਲੀਡਰ ਮਾਸਟਰ ਤਾਰਾ ਸਿੰਘ ਅਤੇ ਖੜਕ ਸਿੰਘ ਦਾ ਇਹਨਾਂ ਤੇ ਪੂਰਾ ਪੂਰਾ ਹੱਥ ਸੀ। ਇਹਨਾਂ ਹਾਲਤਾਂ ਵਿਚ ਲੌਂਗੋਵਾਲੀਏ ਨੇ ਬਾਬਾ ਖੜਕ ਸਿੰਘ ਦੀ ਮਨਮਾਨੀ ਵਿਚ ਠੀਕਰੀਵਾਲਾ ਦੀ ਰਿਹਾਈ ਦੀ ਮੁਹਿੰਮ ਜਾਰੀ ਰਖਦਿਆਂ 16 ਜੁਲਾਈ 1929 ਨੂੰ ਜਿਲਾ ਬਰਨਾਲਾ ਦਾ ਮਾਨਸਾ ਮੰਡੀ ਵਿਖੇ ਦੋ ਰੋਜ਼ਾ ਦੀਵਾਨ ਸਮੇਂ ਪੰਜਾਬ ਰਿਆਸਤੀ ਪ੍ਰਜਾ ਮੰਡਲ ਦੀ ਕਾਇਮੀ ਦਾ ਐਲਾਨ ਕੀਤਾ।

ਇਸ ਤੋਂ ਬਾਅਦ 1928 ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਕਲਕੱਤ ਸਮਾਗਮ ਸਮੇਂ ਆਲ ਇੰਡੀਆ ਸਟੇਟ ਸਬਜੈਕਟਸ ਕਾਨਫਰੰਸ ਵਿਚ ਪੰਜਾਬ ਵਲੋਂ ਬਕਾਇਦਾ ਨੁਮਾਇੰਦਾ ਬਣ ਕੇ ਗਏ। ਮਹਾਰਾਜਾ ਪਟਿਆਲਾ ਦੇ ਘਟੀਆ ਕਾਰਿਆਂ ਵਿਰੁਧ ਭਾਰਤ ਦੇ ਵਾਇਸਰਾਏ ਨੂੰ ਯਾਦ ਪੱਤਰ ਦੇਣ ਵਾਲਿਆਂ ਦੇ ਮੋਢੀਆਂ ਵਿਚੋਂ ਸਨ। ਉਹਨਾਂ ਇਸੇ ਇਤਹਾਸਿਕ ਯਾਦ ਪੱਤਰ ਦੀ ਟਿਕ ਪੜਤ ਆਲ ਇੰਡੀਆ ਸਟੇਟ ਪੀਪਲਜ਼ ਕਾਨਫਰੰਸ ਦੇ 1929 ਵਿਚ ਹੋਏ ਬੰਬਈ ਸਮਾਗਮ ਵਿਚ ਵੀ ਦਿਤੀ। ਅਤੇ ਇਹ ਮਹਿਜ ਉਹਨਾਂ ਦੇ ਯਤਨਾਂ ਦਾ ਸਿੱਟਾ ਹੀ ਸੀ ਕਿ ਕਾਨਫਰੰਸ ਨੇ ਮਹਾਰਾਜੇ ਵਿਰੁਧ ਲਾਏ ਦੋਸ਼ਾਂ ਦੀ ਪੜਤਾਲ ਲਈ ਇਕ ਉਚ ਪੱਧਰੀ ਕਮੇਟੀ ਕਾਇਮ ਕਰਵਾਈ ਜਿਸ ਸਦਕਾ ਮਹਾ-ਰਾਜੇ ਨੂੰ ਮਗਰੋਂ ਜਾ ਕੇ ਹੱਥਾਂ ਪੈਰਾਂ ਦੀ ਪਈ।

ਇਸ ਤੋਂ ਬਾਅਦ ਦਸੰਬਰ 1929 ਵਿਚ ਲਾਹੌਰ ਦੇ ਬਰੈਡਲੇ ਹਾਲ ਵਿਖੇ ਪੰਜਾਬ ਰਿਆਸਤੀ ਪ੍ਰਜਾ ਮੰਡਲ ਦੇ ਪਹਿਲੇ ਸਮਾਗਮ ਸਮੇਂ ਆਪ ਫਿਰ ਜਨਰਲ ਸਕੱਤਰ ਚੁਣੇ ਗਏ ਜਿਸ ਅਹੁਦੇ 'ਤੇ ਰਹਿੰਦਿਆਂ ਪਟਿਆਲਾ ਅਤੇ ਪੰਜਾਬ ਦੀਆਂ ਰਿਆਸਤਾਂ ਵਿਚ ਪੂਰੀ ਸਰਗਰਮੀ ਨਾਲ ਕੰਮ ਆਰੰਭ ਦਿਤਾ।

1938 ਵਿਚ ਲੁਧਿਆਣਾ ਵਿਖੇ ਰਿਅਸਤੀ ਪ੍ਰਜਾ ਮੰਡਲ ਦੇ ਸਮਾਗਮ ਜੋ ਮਰਹੂਮ ਪੰਡਿਤ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਅਤੇ ਜਿਸਦੇ ਸਵਾਗਤੀ ਪ੍ਰਧਾਨ ਸ਼ਹੀਦ ਚੰਨਣ ਸਿੰਘ ਧੂਤ ਦੇ ਚਾਚਾ ਜੀ ਸਨ ਦੀ ਸਫਲਤਾ ਦਾ ਸਿਹਰਾ ਵੀ ਇਹਨਾਂ ਦੀ ਅਣਥੱਕ ਮਿਹਨਤ ਸਦਕਾ ਹੀ ਸੀ। ਇਸ ਤੋਂ ਬਾਅਦ ਇਹਨਾਂ ਦੇ ਵਰੰਟ ਜਾਰੀ ਹੋ ਗਏ ਅਤੇ ਸਤ ਵੱਖ ਵੱਖ ਕੇਸਾਂ ਵਿਚ ਗਿਰਫਤਾਰ ਕਰਕੇ 22 ਸਾਲ ਦੀ ਸਖਤ ਸਜਾ ਅਤੇ 900 ਰੁਪਏ ਜੁਰ-ਮਾਨਾ ਸੁਣਾ ਕੇ ਕੇਂਦਰੀ ਜੇਲ੍ਹ ਭੇਜਿਆ ਗਿਆ। ਜਿਥੇ ਉਹ ਸੇਵਾ ਸਿੰਘ ਠੀਕਰੀ-ਵਾਲਾ ਦੀ ਹਮਦਰਦੀ ਵਿਚ ਪੂਰੇ ਗਿਆਰਾਂ ਦਿਨ ਭੁੱਖ ਹੜਤਾਲ ਤੇ ਰਹੇ।

ਇਸ ਤੋਂ ਬਾਅਦ ਆਪ ਨੂੰ 1935 ਵਿਚ ਮਾਸਟਰ ਤਾਰਾ ਸਿੰਘ ਮਹਾਰਾਜਾ ਭੁਪਿੰਦਰ ਸਿੰਘ ਪੈਕਟ ਅਧੀਨ ਰਿਹਾਅ ਕਰ ਦਿਤਾ ਗਿਆ। ਪਰ ਆਪ ਕਿਉਂਕਿ ਇਸ ਨਾਪਾਕ ਸਮਝੌਤੇ ਤੋਂ ਨਾਖੁਸ਼ ਸਨ ਇਸ ਲਈ ਪੈਕਟ ਦੀ ਵਿਰੋਧਤਾ ਕਰਦਿਆਂ ਅਕਾਲੀ ਦਲ ਤੋਂ ਵੱਖ ਹੋ ਗਏ। ਫਿਰ ਕਮਿਊਨਿਸਟ ਵਿਚਾਰਧਾਰਾ ਦੇ ਧਾਰਨੀ ਹੋ ਗਏ 'ਤੇ ਬਕਾਇਦਾ ਕਮਿਉਨਿਸਟ

(ਬਾਕੀ ਸਫਾ ੧੩)


# ਮੇਨ ਸਾੜ੍ਹੀ ਸੈਂਟਰ

ਤੁਹਾਡੇ ਮਨ ਪਸੰਦ ਦੇ ਵਧੀਆ ਸੂਟ, ਸਾੜ੍ਹੀਆਂ, ਦੁੱਪਟੇ ਅਤੇ ਹੋਰ ਅਨੇਕਾਂ ਕਿਸਮਾਂ ਦੇ ਵਧੀਆ, ਹੰਢਣਸਾਰ ਅਤੇ ਦਿਲਖਿਚ ਨਵੇਂ ਨਵੇਂ ਫੈਸ਼ਨਾਂ ਦੇ ਕੱਪੜੇ ਬਹੁਤ ਹੀ ਵਾਜਬ ਰੇਟਾਂ ਉਪਰ ਖਰੀਦਣ ਲਈ ਦਰਸ਼ਨ ਦਿਓ

**ਜਾਪਾਨ ਤੋਂ ਨਵੀਆਂ ਸ਼ਿਪਮੈਂਟਾਂ ਪੁਜ ਗਈਆਂ ਹਨ**

**6665 Main St., (at 51st Ave.) Vancouver, B.C. V5X 3H3**

**Ph. (604) 324-3171**

# ਆਲ ਇੰਡੀਆ ਫੂਡ ਲਿਮਟਿਡ

**6634 Main St., Vancouver, B.C.**
**ਫੋਨ : (604) 324-1686**

**ਸਾਡੇ ਦੋਵਾਂ ਸਟੋਰਾਂ ਵਿਚ ਸਟੀਲ ਦੇ ਭਾਂਡਿਆਂ ਦੀਆਂ ਤਿੰਨ ਸ਼ਿਪਮੈਂਟਾਂ ਸਿਧੀਆਂ ਫੈਕਟਰੀ ਤੋਂ ਪਹੁੰਚ ਗਈਆਂ ਹਨ**

ਹਰ ਤਰ੍ਹਾਂ ਦਾ ਸਟੀਲ ਦਾ ਬਰਤਨ ਗਲਾਸ, ਕੌਲੀਆਂ, ਥਾਲ, ਕੜਛੀਆਂ, ਚਮਚੇ, ਗੜਬੀਆਂ, ਚਕੌਲੇ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਬਰਤਨ ਸਾਰੇ ਕੈਨੇਡਾ ਵਿਚੋਂ ਸਸਤੇ ਖ਼੍ਰੀਦਣ ਲਈ ਤੁਰੰਤ ਪਹੁੰਚੋ

**ਅਜਿਹਾ ਨਾ ਹੋਵੇ ਕਿ ਤੁਹਾਨੂੰ ਅਗਲੀਆਂ ਸ਼ਿਪਮੈਂਟਾਂ ਦੀ ਉਡੀਕ ਕਰਨੀ ਪਵੇ**

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ,

ਹਰੀਆਂ ਸਬਜ਼ੀਆਂ,

ਆਚਾਰ, ਬਦਾਮ,

ਪਿਸਤਾ, ਲੈਂਚੀਆਂ,

ਵਿਆਹਾਂ ਸ਼ਾਦੀਆਂ, ਅਖੰਡਪਾਠਾਂ

ਅਤੇ ਹੋਰਨਾਂ ਦਿਨਾਂ—ਤਿਹਾਰਾਂ ਲਈ

ਸਾਡੇ ਕੋਲੋਂ ਖ਼੍ਰੀਦੋ

ਮਿਲਣ ਦਾ ਪਤਾ :

**KHALSA FOOD CENTRE**
6635 - Main St., Vancouver, B.C.
**Ph. [604] 324-2195**

2nd class Mail Reg. No. 6794
Monthly Magazine
The
**Lokta**
P.O.Box 67534 STN.'O'
VANCOUVER, B.C. V5W 3T9




**SHAN SAREES & DRAPERY LTD.**

ਪੰਜਾਬੀ ਮਾਰਕਿਟ ਵਿੱਚ ਆਉਣ ਸਮੇਂ ਹੋਰ ਛਾਂਗੀਆਂ ਗਈਆਂ ਕੀਮਤਾਂ ਤੇ ਨਵੇਂ ਪੁੱਜੇ ਮਾਲ ਨੂੰ ਦੇਖੇ ਬਗੈਰ ਨਾ ਜਾਓ!!!

ਪੰਜਾਬੀ ਮਾਰਕੀਟ ਵਿਚ
ਸੂਟ - ਸਾੜ੍ਹੀਆਂ ਅਤੇ ਵਧੀਆ ਪਰਦੇ ਬਣਵਾਉਣ ਲਈ ਇਕ ਭਰੋਸੇਯੋਗ ਸਟੋਰ

ਪਰਦਿਆਂ ਅਤੇ ਡਰੇਪਰੀ ਟਰੈਕ ਦੇ ਲਗਵਾਣ ਦੇ ਮੁਫਤ ਐਸਟੀਮੇਟ ਲਈ ਅਸੀਂ ਹਮੇਸ਼ਾ ਹਾਜ਼ਰ ਹਾਂ

ਪਰਦਿਆਂ ਦੇ ਕੱਪੜਿਆਂ 'ਤੇ ਹਮੇਸ਼ਾਂ ਹੀ ਕੁਝ ਨਾ ਕੁਝ ਜ਼ਰੂਰ **OFF** ਮਿਲਦਾ ਹੈ।

ਕੋਈ ਵੀ ਚੀਜ਼ ਖ਼ਰੀਦਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਨੂੰ ਚੈਕ ਜ਼ਰੂਰ ਕਰੋ ਤੁਹਾਨੂੰ ਜੀ ਆਇਆਂ ਅਤੇ ਚੰਗੀ ਸਰਵਿਸ ਦੇਣ ਲਈ ਸਾਡਾ ਸਟਾਫ ਹਮੇਸ਼ਾ ਖੁਸ਼ੀ ਮਹਿਸੂਸ ਕਰੇਗਾ।

# ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ ਲਿਮਿ:

**6543 MAIN ST. [BETWEEN 49TH. & 50TH.]**
**VANCOUVER, PH: 321-1955. 321-0847**